Queens

ਡਿਸਟ੍ਰਿਕਟ 19–32, 34

ਅਗਾਊਂ ਵੋਟਿੰਗ
17–25 ਜੂਨ

ਚੋਣ-ਦਿਵਸ
27 ਜੂਨ

## 2023 ਪ੍ਰਮੁੱਖ ਚੋਣਾਂ

## ਸਿਟੀ ਕੌਂਸਲ

# ਵੋਟਰ ਗਾਈਡ



NYC VOTES

ਨਿਊਯਾਰਕ ਸ਼ਹਿਰ ਦਾ ਕੈਂਪੇਨ ਫਾਇਨਾਂਸ ਬੋਰਡ ਦੀ ਇੱਕ ਪਹਿਲ

'ਤੇ ਹੋਰ ਜਾਣੋ
punjabi.nycvotes.org

# 2023 NYC ਵੋਟਰ ਗਾਈਡ

## ਆਪਣੀ ਡਿਸਟ੍ਰਿਕਟ ਵਿੱਚ ਆਪਣੀ ਪਾਰਟੀ ਦੇ ਉਮੀਦਵਾਰਾਂ ਦੀ ਸਭ ਤੋਂ ਨਵੀਂ ਸੂਚੀ ਵੇਖਣ ਲਈ **punjabi.nycvotes.org/candidates** 'ਤੇ ਜਾਓ।

### ਮੈਂ ਵੋਟ ਕਦੋਂ ਪਾਵਾਂ?

- ਪ੍ਰਮੁੱਖ ਚੋਣਾਂ ਮੰਗਲਵਾਰ, **27 ਜੂਨ** ਨੂੰ ਪੈਣੀਆਂ ਹਨ।
- ਤੁਸੀਂ ਸ਼ਨਿਚਰਵਾਰ, **17 ਜੂਨ** ਤੋਂ ਐਤਵਾਰ, **25 ਜੂਨ** ਤੱਕ ਅਗਾਊਂ ਵੋਟ ਪਾ ਸਕਦੇ ਹੋ।
- ਸੋਮਵਾਰ, **26 ਜੂਨ** ਨੂੰ ਕੋਈ ਅਗਾਊਂ ਵੋਟਿੰਗ ਨਹੀਂ ਪੈਣੀ।

### ਮੈਂ ਕਿਸ ਲਈ ਵੋਟਿੰਗ ਕਰ ਰਿਹਾ/ਰਹੀ ਹਾਂ?

**ਦਫ਼ਤਰ**

- ਸਿਟੀ ਕੌਂਸਲ
- ਡਿਸਟ੍ਰਿਕਟ ਅਟਾਰਨੀ
- ਸਿਵਿਲ ਅਦਾਲਤ

**ਪਾਰਟੀ ਦੇ ਅਹੁਦੇ**

- ਅਦਾਲਤੀ ਸਮਾਗਮ ਲਈ ਡੈਲੀਗੇਟ
- ਅਦਾਲਤੀ ਸਮਾਗਮ ਲਈ ਬਦਲਵੇਂ ਡੈਲੀਗੇਟ/ਨੁਮਾਇੰਦੇ
- ਸਟੇਟ ਕਮੇਟੀ
- ਕਾਉਂਟੀ ਕਮੇਟੀ
- ਡਿਸਟ੍ਰਿਕਟ ਲੀਡਰ

ਤੁਹਾਡੀ ਵੋਟ-ਪਰਚੀ 'ਤੇ ਦਿੱਤੇ ਗਏ ਖ਼ਾਸ ਦਫ਼ਤਰ ਇਸ ਗੱਲ 'ਤੇ ਨਿਰਭਰ ਕਰਦੇ ਹਨ ਕਿ ਤੁਸੀਂ ਕਿੱਥੇ ਰਹਿੰਦੇ ਹੋ ਅਤੇ ਤੁਸੀਂ ਕਿਸ ਸਿਆਸੀ ਪਾਰਟੀ ਨਾਲ ਜੁੜੇ ਹੋਏ ਹੋ। **punjabi.nycvotes.org/candidates** 'ਤੇ ਆਪਣੀ ਵੋਟ-ਪਰਚੀ ਵੇਖੋ

**punjabi.nycvotes.org** 'ਤੇ ਹੋਰ ਜਾਣੋ!

### ਚੋਣ ਦੀਆਂ ਤਾਰੀਖ਼ਾਂ ਅਤੇ ਅੰਤਮ ਤਾਰੀਖ਼ਾਂ

| | |
|---|---|
| **12 ਜੂਨ** | ਗੈਰਹਾਜ਼ਰ ਬੈਲਟ ਬਾਰੇ ਬੇਨਤੀ ਦੀ ਅੰਤਮ-ਤਾਰੀਖ਼ (ਔਨਲਾਈਨ ਜਾਂ ਡਾਕ ਰਾਹੀਂ)<br>*ਜੇ ਤੁਸੀਂ ਗੈਰਹਾਜ਼ਰ ਬੈਲਟ ਬਾਰੇ ਬੇਨਤੀ ਫ਼ਾਰਮ ਡਾਕ ਰਾਹੀਂ ਭੇਜਦੇ ਹੋ, ਤਾਂ ਚੋਣ ਬੋਰਡ (Board of Elections) ਨੂੰ ਇਸ ਤਾਰੀਖ਼ ਤੱਕ ਜ਼ਰੂਰ ਮਿਲਣਾ ਚਾਹੀਦਾ ਹੈ।. |
| **17 ਜੂਨ** | ਵੋਟਰ ਰਜਿਸਟ੍ਰੇਸ਼ਨ ਦੀ ਅੰਤਮ-ਤਾਰੀਖ਼ |
| **17 ਜੂਨ** | ਅਗਾਊਂ ਵੋਟਿੰਗ ਸ਼ੁਰੂ ਹੋਣੀ ਹੈ |
| **25 ਜੂਨ** | ਅਗਾਊਂ ਵੋਟਿੰਗ ਅੰਤਮ ਹੋਣੀ ਹੈ |
| **26 ਜੂਨ** | ਗੈਰਹਾਜ਼ਰ ਬੈਲਟ ਬਾਰੇ (ਚੋਣ ਬੋਰਡ (Board of Elections) ਦੇ ਦਫ਼ਤਰ ਵਿੱਚ ਆਪ ਆਕੇ) ਅੰਤਮ-ਤਾਰੀਖ਼ ਦੀ ਬੇਨਤੀ ਕੀਤੀ ਜਾ ਸਕਦੀ ਹੈ। |
| **27 ਜੂਨ** | ਪ੍ਰਮੁੱਖ ਚੋਣ-ਦਿਵਸ<br>(ਸਵੇਰੇ 6:00 ਵਜੇ - ਰਾਤੀਂ 9:00 ਵਜੇ)<br>ਆਪਣੀ ਗੈਰਹਾਜ਼ਰ ਬੈਲਟ (ਵੋਟ-ਪਰਚੀ) ਤੇ ਪੋਸਟਮਾਰਕ ਜਾਂ ਵੋਟਾਂ ਪੈਣ ਦੀਆਂ ਥਾਂਵਾਂ 'ਤੇ ਇਸ ਨੂੰ ਪਾਉਣ ਦੀ ਅੰਤਮ ਤਾਰੀਖ਼ |

## ਵਿਸ਼ਾ-ਵਸਤੂ


3 ਵੋਟ ਕਿਵੇਂ ਪਾਓ
4 ਆਪਣੀ ਵੋਟਾਂ ਪੈਣ ਦੀਆਂ ਥਾਂਵਾਂ ਦੀ ਉਮੀਦ ਕਰੋ,
5 ਵੋਟਰ ਵਜੋਂ ਮੇਰੇ ਕੀ ਹੱਕ ਹਨ?
6 ਪਹੁੰਚਯੋਗਤਾ
7 ਸੈਂਪਲ ਵੋਟ-ਪਰਚੀ
8 ਤਰਜੀਹੀ ਵੋਟਿੰਗ
10 ਚੁਣੇ ਗਏ ਅਧਿਕਾਰੀ ਕੀ ਕਰਦੇ ਹਨ?
11 ਸਿਟੀ ਕੌਂਸਲ ਬਾਰੇ
12 ਵੋਟ-ਪਰਚੀ 'ਤੇ ਉਮੀਦਵਾਰ
45 NYC Votes ਬਾਰੇ
46 ਅਕਸਰ ਪੁੱਛੇ ਜਾਣ ਵਾਲੇ ਸੁਆਲ
48 ਚੋਣ ਬੋਰਡ (Board of Elections) ਨਾਲ ਸੰਪਰਕ ਕਰੋ

# ਵੋਟ ਕਿਵੇਂ ਪਾਓ

## ਵੋਟਾਂ ਪੈਣ ਦੀ ਥਾਂ ਅਤੇ ਵੋਟਿੰਗ ਦੇ ਸਮੇਂ

**ਵੋਟਾਂ ਪੈਣ ਦੀ ਥਾਂ ਅਤੇ ਵੋਟਿੰਗ ਦੇ ਸਮੇਂ ਦਾ ਪਤਾ ਲਾਓ:**

- **punjabi.nycvotes.org** 'ਤੇ ਜਾਓ
- NYC ਚੋਣ ਬੋਰਡ (Board of Elections) ਨੂੰ **866-VOTE-NYC (866-868-3692)** ਜਾਂ **TTY 212-487-5496** 'ਤੇ ਕਾੱਲ ਕਰੋ।

---

## ਚੋਣ-ਦਿਵਸ

ਚੋਣ-ਦਿਵਸ 'ਤੇ 27 ਜੂਨ ਨੂੰ ਸਵੇਰੇ 6:00 ਵਜੇ ਤੋਂ ਰਾਤੀਂ 9:00 ਵਜੇ ਤੱਕ ਵੋਟ ਪਾਉਣ ਵਾਲੀਆਂ ਥਾਵਾਂ ਖੁੱਲ੍ਹੀਆਂ ਹਨ। ਤੁਹਾਨੂੰ ਆਪਣੀ ਮਿੱਥੀ ਹੋਈ ਵੋਟਾਂ ਪੈਣ ਦੀ ਥਾਂ 'ਤੇ ਹੀ ਵੋਟ ਪਾਉਣੀ ਚਾਹੀਦੀ ਹੈ।

ਵੋਟਾਂ ਪੈਣ ਦੀ ਥਾਂ ਬਦਲ ਸਕਦੀ ਹੈ, ਇਸ ਲਈ ਘਰੋਂ ਚੱਲਣ ਤੋਂ ਪਹਿਲਾਂ ਪਤਾ ਲਾਉਣਾ ਯਕੀਨੀ ਬਣਾਓ!

---

## ਅਗਾਊਂ ਵੋਟਿੰਗ

ਤੁਸੀਂ ਚੋਣ-ਦਿਵਸ ਤੋਂ ਪਹਿਲਾਂ ਆਪ ਜਾ ਕੇ ਅਗਾਊਂ ਵੋਟ ਪਾ ਸਕਦੇ ਹੋ!

**ਕੀ ਪਤਾ ਹੋਣਾ ਚਾਹੀਦਾ ਹੈ**

- ਤੁਹਾਡੀ ਅਗਾਊਂ ਵੋਟਿੰਗ ਦੀ ਥਾਂ ਨਿਰਧਾਰਿਤ ਹੈ, ਇਸ ਗੱਲ ਦੀ ਸੰਭਾਵਨਾ ਹੈ ਕਿ ਉਹ ਤੁਹਾਡੀ ਚੋਣ-ਦਿਵਸ ਵਾਲੀ ਵੋਟਾਂ ਪੈਣ ਦੀ ਥਾਂ ਤੋਂ ਵੱਖਰੀ ਹੋ ਸਕਦੀ ਹੈ।
- ਰੋਜ਼ ਸਮੇਂ ਅਲੱਗ-ਅਲੱਗ ਹੁੰਦੇ ਹਨ, ਇਸ ਲਈ ਘਰੋਂ ਚੱਲਣ ਤੋਂ ਪਹਿਲਾਂ ਆਪਣੀ ਵੋਟਾਂ ਪੈਣ ਦੀ ਥਾਂ ਪੁਸ਼ਟੀ ਕਰਨਾ ਯਕੀਨੀ ਬਣਾਓ।

**ਅਗਾਊਂ ਵੋਟਿੰਗ ਦੀਆਂ ਤਾਰੀਖ਼ਾਂ**

ਸ਼ਨਿਚਰਵਾਰ, 17 ਜੂਨ ਤੋਂ ਐਤਵਾਰ, 25 ਜੂਨ।

---

## ਡਾਕ ਰਾਹੀਂ ਵੋਟ

ਜੇ ਤੁਹਾਡਾ ਕੋਈ ਜਾਇਜ਼ ਕਾਰਣ ਹੈ, ਜਿਵੇਂ ਚੋਣ-ਦਿਵਸ ਤੇ ਨਿਊਯਾਰਕ ਤੋਂ ਦੂਰ ਹੋ ਜਾਂ ਬਿਮਾਰੀ ਜਾਂ ਸਰੀਰਕ ਅਸਮਰੱਥਾ (ਅਪੰਗਤਾ) ਹੈ, ਤਾਂ ਤੁਸੀਂ ਗੈਰਹਾਜ਼ਰ ਬੈਲਟ ਲਈ ਬੇਨਤੀ ਕਰ ਸਕਦੇ ਹੋ।

ਤੁਹਾਡੀ ਔਨਲਾਈਨ ਵੋਟ-ਪਰਚੀ ਜਾਂ ਡਾਕ ਰਾਹੀਂ ਤੁਹਾਡੀ ਬੇਨਤੀ ਪ੍ਰਾਪਤ ਕਰਨ ਲਈ ਚੋਣ ਬੋਰਡ (Board of Elections) ਲਈ ਅੰਤਮ-ਤਾਰੀਖ਼ 12 ਜੂਨ ਹੈ।

ਜੇ ਤੁਹਾਡਾ ਡਾਕ ਰਾਹੀਂ ਵੋਟ ਪਾਉਣ ਦਾ ਪਲਾਨ ਹੈ, ਤਾਂ ਸਿਰਫ਼ ਗੈਰਹਾਜ਼ਰ ਬੈਲਟ ਦੀ ਬੇਨਤੀ ਕਰੋ। ਜੇ ਤੁਸੀਂ ਗੈਰਹਾਜ਼ਰ ਬੈਲਟ ਲਈ ਬੇਨਤੀ ਕਰਨ ਤੋਂ ਬਾਅਦ ਆਪ ਜਾ ਕੇ ਵੋਟ ਪਾਉਣ ਦੀ ਚੋਣ ਕਰਦੇ ਹੋ, ਤਾਂ ਤੁਹਾਨੂੰ ਆਪਣੀ ਵੋਟਾਂ ਪੈਣ ਦੀ ਥਾਂ ਤੇ ਹਲਫ਼ਨਾਮੇ ਵਾਲੀ ਵੋਟ-ਪਰਚੀ ਨਾਲ ਵੋਟ ਪਾਉਣੀ ਪਏਗੀ।

**ਤੁਸੀਂ ਆਪਣੀ ਗੈਰਹਾਜ਼ਰ ਬੈਲਟ ਲਈ ਕਿਵੇਂ ਬੇਨਤੀ ਕਰੋ:**

- **nycabsentee.com** 'ਤੇ ਜਾਓ।
- ਸੁਣਨ ਵਿੱਚ ਦਿੱਕਤ ਵਾਲੇ ਲੋਕਾਂ ਲਈ NYC ਚੋਣ ਬੋਰਡ (Board of Elections) ਨੂੰ **866-VOTE-NYC (866-868-3692)** ਜਾਂ **TTY 212-487-5496** 'ਤੇ ਕਾੱਲ ਕਰੋ।
- ਆਪਣੇ ਸਥਾਨਕ NYC ਚੋਣ ਬੋਰਡ (Board of Elections) ਦੇ ਦਫ਼ਤਰ ਵਿਖੇ ਜਾਓ। ਨਿਜੀ ਤੌਰ 'ਤੇ ਆਪਣੀ ਬੇਨਤੀ ਸਬਮਿਟ ਕਰਨ ਦੀ ਅੰਤਮ-ਤਾਰੀਖ਼ 26 ਜੂਨ ਹੈ।

**ਜੇ ਤੁਹਾਨੂੰ ਘੱਟ ਦਿਸਦਾ ਹੈ ਜਾਂ ਅਸਮਰੱਥ (ਅਪੰਗ) ਹੋ।**

ਸਕ੍ਰੀਨ ਰੀਡਰ ਨਾਲ ਆਪਣੀ ਵੋਟ-ਪਰਚੀ ਪੜ੍ਹਣ ਲਈ, ਤੁਸੀਂ **nycabsentee.com/accessibility** 'ਤੇ ਜਾਂ ਉੱਪਰ ਦਿੱਤੇ ਨੰਬਰ 'ਤੇ ਕਾੱਲ ਕਰਕੇ ਪਹੁੰਚਯੋਗ ਗੈਰਹਾਜ਼ਰ ਬੈਲਟ ਲਈ ਬੇਨਤੀ ਕਰ ਸਕਦੇ ਹੋ।

**ਆਪਣੀ ਵੋਟ-ਪਰਚੀ ਟ੍ਰੈਕ ਕਰਨੀ**

ਤੁਸੀਂ **nycabsentee.com/tracking** 'ਤੇ NYC ਚੋਣ ਬੋਰਡ (Board of Elections) ਤੋਂ ਆਪਣੀ ਵੋਟ-ਪਰਚੀ ਟ੍ਰੈਕ ਕਰ ਸਕਦੇ ਹੋ।

# ਆਪਣੀ ਵੋਟਾਂ ਪੈਣ ਦੀ ਥਾਂ 'ਤੇ ਕੀ ਉਮੀਦ ਕਰੋ

## ਪਹੁੰਚਣ ਵੇਲੇ ਚੈਕ ਇਨ ਕਰੋ

ਜਦੋਂ ਤੁਸੀਂ ਅੰਦਰ ਜਾਂਦੇ ਹੋ, ਤਾਂ ਇੱਕ ਚੋਣ ਵਰਕਰ ਤੁਹਾਨੂੰ ਦਰਸਾਏਗਾ ਕਿ ਤੁਸੀਂ ਕਿੱਥੇ ਸਾਈਨ ਇਨ ਕਰਨਾ ਹੈ। ਉਹ ਤੁਹਾਡੇ ਬਾਰੇ ਰਜਿਸਟਰਡ ਵੋਟਰਾਂ ਦੀ ਸੂਚੀ ਵਿੱਚ ਵੇਖੇਗਾ ਅਤੇ ਤੁਹਾਨੂੰ ਵੋਟ-ਪਰਚੀ ਸੌਂਪਣ ਤੋਂ ਪਹਿਲਾਂ ਤੁਹਾਡੇ ਦਸਤਖ਼ਤ ਦੀ ਜਾਂਚ ਕਰੇਗਾ।

**ਸੁਝਾਅ: ਜੇ ਤੁਹਾਨੂੰ ਚੋਣ ਬੋਰਡ (Board of Elections) ਡਾਕ ਰਾਹੀਂ ਫ਼ਾਸਟ ਪਾਸ (Fast Pass) ਮਿਲਦਾ ਹੈ, ਤਾਂ ਤੇਜ਼ੀ ਨਾਲ ਚੈਕ ਇਨ ਕਰਨ ਲਈ ਇਸ ਨੂੰ ਆਪਣੇ ਨਾਲ ਲਿਆਓ!**

*ਵੋਟ ਪਾਉਣ ਲਈ ਤੁਹਾਨੂੰ ID ਵਿਖਾਉਣ ਦੀ ਲੋੜ ਨਹੀਂ ਹੈ, ਜਦ ਤੱਕ ਕਿ ਤੁਸੀਂ ਪਹਿਲੀ ਵਾਰੀ ਦੇ ਵੋਟਰ ਹੋ, ਜਿਸਨੇ ਵੋਟ ਪਾਉਣ ਲਈ ਰਜਿਸਟਰ ਕਰਨ ਵੇਲੇ DMV ਜਾਂ ਸੋਸ਼ਲ ਸਿਕਿਓਰਿਟੀ ਨੰਬਰ ਨਹੀਂ ਵਿਖਾਇਆ ਸੀ।

## ਆਪਣੀ ਵੋਟ-ਪਰਚੀ ਭਰੋ

ਆਪਣੀ ਪਸੰਦ ਦੇ ਬਿਲਕੁਲ ਸਾਹਮਣੇ ਅੰਡਾਕਾਰ ਥਾਂ ਪੂਰੀ ਤਰ੍ਹਾਂ ਭਰਕੇ ਆਪਣੀ ਵੋਟ-ਪਰਚੀ 'ਤੇ ਨਿਸ਼ਾਨ ਲਾਓ। ਜਦੋਂ ਤੁਸੀਂ ਸਿਟੀ ਕੌਂਸਲ ਲਈ ਵੋਟ ਪਾਉਂਦੇ ਹੋ, ਤਾਂ ਤੁਸੀਂ ਸਿਰਫ਼ ਇੱਕ ਉਮੀਦਵਾਰ ਨੂੰ ਚੁਣਨ ਦੀ ਥਾਂ ਪੰਜ ਤਰਜੀਹਾਂ ਤੱਕ ਰੈਂਕ ਦੇ ਸਕਦੇ ਹੋ।

ਜੇ ਤੁਹਾਡੇ ਤੋਂ ਕੋਈ ਗ਼ਲਤੀ ਹੋ ਗਈ ਹੈ ਜਾਂ ਆਪਣੀ ਵੋਟ-ਪਰਚੀ ਬਾਰੇ ਸੁਆਲ ਹੈ, ਤਾਂ ਤੁਸੀਂ ਮਦਦ ਲਈ ਪੋਲ ਵਰਕਰ ਨੂੰ ਪੁੱਛ ਸਕਦੇ ਹੋ!

*ਆਪਣੀ ਵੋਟ-ਪਰਚੀ ਦੇ ਦੋਹਾਂ ਪਾਸੇ ਨਿਸ਼ਾਨ ਲਾਉਣਾ ਯਾਦ ਰੱਖੋ, ਤਾਂ ਜੋ ਤੁਹਾਡੇ ਤੋਂ ਕੁਝ ਖੁੰਝ ਨਾ ਜਾਏ।

## ਆਪਣੀ ਵੋਟ-ਪਰਚੀ ਸਕੈਨ ਕਰੋ

ਤੁਹਾਡੀ ਵੋਟ-ਪਰਚੀ ਭਰਦਿਆਂ ਸਾਰ ਹੀ, ਸਕੈਨਰ ਵਿੱਚ ਤੁਹਾਡੀ ਵੋਟ-ਪਰਚੀ ਪਾਉਣ ਲਈ ਇੱਕ ਪੋਲ ਵਰਕਰ ਤੁਹਾਡੀ ਮਦਦ ਕਰੇਗਾ। ਤੁਹਾਡੀ ਵੋਟ ਅੰਦਰ ਜਾਣ 'ਤੇ ਸਕੈਨਰ ਤੁਹਾਨੂੰ ਦੱਸੇਗਾ।

## ਆਪਣਾ ਸਟਿੱਕਰ ਪ੍ਰਾਪਤ ਕਰੋ

ਆਪਣਾ ਸਟਿੱਕਰ ਲਓ! ਇਸ ਨੂੰ ਲਾਓ, ਦਰਸਾਓ ਅਤੇ ਯਕੀਨੀ ਬਣਾਓ ਕਿ ਤੁਹਾਡੇ ਦੋਸਤ ਅਤੇ ਪਰਿਵਾਰ ਦੀ ਵੋਟ ਪਾਉਣ ਦਾ ਪਲਾਨ ਬਣਾ ਰਿਹਾ ਹੈ।

# ਇੱਕ ਵੋਟਰ ਦੇ ਤੌਰ 'ਤੇ ਮੇਰੇ ਕੀ ਹੱਕ ਹਨ?

## ਆਮ ਚੋਣ ਵਿੱਚ ਤੁਹਾਨੂੰ ਵੋਟ ਕਰਨ ਦਾ ਹੱਕ ਹੈ, ਜੇ:

- ਤੁਸੀਂ ਇੱਕ ਅਜਿਹੀ ਪਾਰਟੀ ਦੇ ਰਜਿਸਟਰਡ ਵੋਟਰ ਹੋ, ਜੋ ਤੁਹਾਡੀ ਡਿਸਟ੍ਰਿਕਟ ਵਿੱਚ ਪ੍ਰਮੁੱਖ ਚੋਣ ਕਰਾ ਰਹੀ ਹੈ।
- ਬੰਦ ਹੋਣ ਸਮੇਂ ਤੁਸੀਂ ਆਪਣੀ ਵੋਟਾਂ ਪੈਣ ਦੀ ਥਾਂ 'ਤੇ ਲਾਈਨ ਵਿੱਚ ਹੋ।

## ਜੇ ਕੋਈ ਚੋਣ ਹੈ, ਤਾਂ ਤੁਹਾਨੂੰ ਹੱਕ ਹੈ:

- ਜੇ ਤੁਹਾਨੂੰ ਭਾਸ਼ਾ ਵਿੱਚ ਮਦਦ ਦੀ ਲੋੜ ਹੈ, ਤਾਂ ਮਦਦ ਲਈ ਇੱਕ ਚੋਣ ਵਰਕਰ ਜਾਂ ਦੁਭਾਸ਼ੀਏ ਲਈ ਪੁੱਛੋ। ਦੁਭਾਸ਼ੀਏ ਬਾਰੇ ਹੋਰ ਜਾਣਕਾਰੀ ਲਈ ਸੁਣਨ ਵਿੱਚ ਦਿੱਕਤ ਵਾਲਿਆਂ ਲਈ 866-VOTE-NYC (866-868-3692) ਜਾਂ TTY 212-487-5496 'ਤੇ ਕਾੱਲ ਕਰੋ।
- ਵੋਟ ਪਾਉਣ ਵਿੱਚ ਮਦਦ ਲਈ ਆਪਣੇ ਨਾਲ (ਆਪਣੇ ਰੋਜ਼ਗਾਰਦਾਤਾ ਜਾਂ ਯੂਨੀਅਨ ਦੇ ਨੁਮਾਇੰਦੇ ਨੂੰ ਛੱਡਕੇ) ਕਿਸੇ ਨੂੰ ਲਿਆਓ।
- ਆਪਣੇ ਨਾਲ ਸਮਗ੍ਰੀ ਲਿਆਓ, ਇਸ ਵਿੱਚ ਵੋਟਰ ਗਾਈਡ ਸ਼ਾਮਿਲ ਹੈ।
- ਭਾਵੇਂ ਵੋਟਿੰਗ ਮਸ਼ੀਨ ਟੁੱਟੀ ਹੋਈ ਹੈ, ਫਿਰ ਵੀ ਵੋਟ ਪਾਓ।
- ਜੇ ਤੁਹਾਡੀ ਵੋਟਾਂ ਪੈਣ ਦੀ ਥਾਂ 'ਤੇ ਵੋਟਰਾਂ ਦੀ ਸੂਚੀ ਵਿੱਚ ਤੁਹਾਡਾ ਨਾਂ ਨਹੀਂ ਹੈ, ਤਾਂ ਹਲਫ਼ਨਾਮੇ ਵਾਲੀ ਵੋਟ-ਪਰਚੀ ਨਾਲ ਵੋਟ ਪਾਓ।
- ਅਸਾਨੀ ਨਾਲ ਪਹੁੰਚਣ ਵਾਲੀ ਪੋਲਿੰਗ ਦੀ ਥਾਂ, ਜਿਸ ਵਿੱਚ ਸਰੀਰਕ ਅੜਿੱਕੇ ਨਹੀਂ ਹਨ।
- ਆਪਣੀ ਵੋਟ-ਪਰਚੀ ਪਾਉਣ ਲਈ ਪਹੁੰਚਯੋਗ ਵੋਟਿੰਗ ਮਸ਼ੀਨ ਦੀ ਵਰਤੋਂ ਕਰੋ।
- ਆਪਣੀ ਸਮਰੱਥਾ ਜਾਂ ਅਸਮਰੱਥਾ (ਅਪੰਗਤਾ)ਦੀ ਪਰਵਾਹ ਕੀਤੇ ਬਿਨਾ ਵੋਟ ਪਾਓ।

## ਫ਼ੌਜਦਾਰੀ ਜਾਂ ਸੰਗੀਨ ਜੁਰਮ ਦੀ ਸਜ਼ਾ ਵਾਲੇ ਲੋਕਾਂ ਲਈ ਵੋਟਿੰਗ ਦੇ ਹੱਕ:

- ਛੋਟੇ ਜੁਰਮ ਅਤੇ ਸਜ਼ਾ ਦੀ ਉਲੰਘਣਾ ਤੁਹਾਨੂੰ ਵੋਟ ਪਾਉਣ ਤੋਂ ਨਹੀਂ ਰੋਕਦੀ, ਭਾਵੇਂ ਤੁਸੀਂ ਜੇਲ੍ਹ ਵਿੱਚ ਸਜ਼ਾ ਕੱਟ ਰਹੇ ਹੋ।
- ਜੇ ਇਸ ਸਮੇਂ ਤੁਸੀਂ ਸੰਗੀਨ ਜੁਰਮ ਦੀ ਸਜ਼ਾ ਕਰਕੇ ਜੇਲ੍ਹ ਵਿੱਚ ਬੰਦ ਹੋ, ਤਾਂ ਤੁਸੀਂ ਵੋਟ ਨਹੀਂ ਪਾ ਸਕਦੇ। ਹਾਲਾਂਕਿ, ਜੇ ਤੁਹਾਨੂੰ ਸੰਗੀਨ ਜੁਰਮ ਕਰਕੇ ਸਜ਼ਾ ਹੋਈ ਹੈ ਅਤੇ ਤੁਹਾਡੀ ਸਜ਼ਾ ਰੱਦ ਕਰ ਦਿੱਤੀ ਗਈ ਹੈ, ਤਾਂ ਤੁਸੀਂ ਵੋਟ ਪਾ ਸਕਦੇ ਹੋ।
- ਜੇ ਤੁਹਾਨੂੰ ਸੰਗੀਨ ਜ਼ੁਰਮ ਦੀ ਸਜ਼ਾ ਹੋਈ ਅਤੇ ਤੁਸੀਂ ਜੇਲ੍ਹ ਤੋਂ ਰਿਹਾ ਹੋ ਗਏ ਹੋ, ਤਾਂ ਤੁਸੀਂ ਵੋਟ ਪਾ ਸਕਦੇ ਹੋ। ਹਾਲਾਂਕਿ, ਤੁਹਾਨੂੰ ਫਿਰ ਤੋਂ ਵੋਟ ਪਾਉਣ ਲਈ ਰਜਿਸਟਰ ਕਰਨਾ ਚਾਹੀਦਾ ਹੈ।
- ਜੇ ਤੁਹਾਨੂੰ ਫ਼ੈਡਰਲ ਸੰਗੀਨ ਜੁਰਮ ਦੀ ਸਜ਼ਾ ਹੋਈ ਹੈ ਜਾਂ ਕਿਸੇ ਹੋਰ ਸਟੇਟ ਵਿੱਚ ਸੰਗੀਨ ਜੁਰਮ ਦੀ ਸਜ਼ਾ ਹੋਈ ਹੈ, ਤਾਂ ਤੁਸੀਂ ਅਜੇ ਵੀ ਰਜਿਸਟ੍ਰੇਸ਼ਨ ਕਰਾ ਸਕਦੇ ਹੋ ਅਤੇ ਨਿਊਯਾਰਕ ਵਿੱਚ ਵੋਟ ਪਾ ਸਕਦੇ ਹੋ।
- ਜੇ ਤੁਸੀਂ ਇਸ ਸਮੇਂ ਪ੍ਰੋਬੇਸ਼ਨ ਜਾਂ ਪੈਰੋਲ 'ਤੇ ਹੋ, ਤਾਂ ਤੁਸੀਂ ਵੋਟ ਪਾ ਸਕਦੇ ਹੋ।
- ਜੇ ਤੁਸੀਂ ਇਸ ਸਮੇਂ ਛੋਟੇ ਜੁਰਮ ਕਰਕੇ ਜੇਲ੍ਹ ਵਿੱਚ ਹੋ ਜਾਂ ਮੁਕੱਦਮੇ ਦੀ ਉਡੀਕ ਕਰ ਰਹੇ ਹੋ, ਤਾਂ ਤੁਸੀਂ ਵੋਟ ਪਾ ਸਕਦੇ ਹੋ।

## ਜੇ ਤੁਹਾਨੂੰ ਮਦਦ ਚਾਹੀਦੀ ਹੈ, ਕਿਸ ਨਾਲ ਸੰਪਰਕ ਕਰੋ:

- ਜੇ ਤੁਹਾਡੀ ਵੋਟਾਂ ਪੈਣ ਦੀ ਥਾਂ 'ਤੇ ਕੋਈ ਮਸਲਾ ਹੈ, ਤਾਂ ਪੋਲ ਵਰਕਰ ਨੂੰ ਦੱਸੋ ਜਾਂ 866-VOTE-NYC (866-868-3692) ਜਾਂ TTY 212-487-5496 'ਤੇ NYC ਚੋਣ ਬੋਰਡ (Board of Elections) ਨਾਲ ਸੰਪਰਕ ਕਰੋ।
- ਜੇ ਤੁਹਾਡੇ ਹੱਕਾਂ ਦੀ ਉਲੰਘਣਾ ਹੋਈ ਹੈ, ਤਾਂ ਸਿਖਲਾਈਪ੍ਰਾਪਤ ਚੋਣ ਪ੍ਰੋਟੈਕਸ਼ਨ ਵਾੱਲੰਟੀਅਰ ਨਾਲ ਗੱਲ ਕਰਨ ਲਈ ਇਲੈਕਸ਼ਨ ਪ੍ਰੋਟੈਕਸ਼ਨ ਹਾੱਟਲਾਈਨ 'ਤੇ ਕਾੱਲ ਕਰੋ ਅਤੇ 866-OUR-VOTE (866-687-8683) 'ਤੇ ਮੁਫ਼ਤ ਕਾਨੂੰਨੀ ਮਦਦ ਲਓ।
- (866) 390-2992 'ਤੇ ਕਾੱਲ ਕਰਕੇ ਨਿਊਯਾਰਕ ਅਟਾੱਰਨੀ ਜਨਰਲ ਨਾਲ ਸ਼ਿਕਾਇਤ ਸਾਂਝੀ ਕਰੋ ਜਾਂ ag.ny.gov/election-hotline 'ਤੇ ਜਾਓ।

# ਪਹੁੰਚਯੋਗਤਾ

ਨਿਊਯਾਰਕ ਦੇ ਹਰ ਇੱਕ ਵੋਟਰ ਨੂੰ ਨਿਜੀ ਤੌਰ 'ਤੇ ਅਤੇ ਸੁਤੰਤਰ ਤੌਰ 'ਤੇ ਵੋਟ ਪਾਉਣੀ ਨਾਲ ਵੋਟ-ਪਰਚੀ ਦਾ ਹੱਕ ਹੈ। ਜੇ ਤੁਹਾਨੂੰ ਅਸਮਰੱਥਾ (ਅਪੰਗਤਾ) ਜਾਂ ਅੰਗ੍ਰੇਜ਼ੀ ਦੀ ਸੀਮਤ ਮੁਹਾਰਤ ਕਰਕੇ ਆਪਣੀ ਵੋਟ-ਪਰਚੀ ਭਰਨ ਵਿੱਚ ਮਦਦ ਚਾਹੀਦੀ ਹੈ, ਤਾਂ ਮਦਦ ਉਪਲਬਧ ਹੈ।

## ਪਹੁੰਚਯੋਗ ਗੈਰਹਾਜ਼ਰ ਬੈਲਟ

ਜੇ ਤੁਹਾਨੂੰ ਦਿਸਦਾ ਨਹੀਂ ਹੈ ਜਾਂ ਤੁਸੀਂ ਵੋਟ-ਪਰਚੀ 'ਤੇ ਨਿਸ਼ਾਨ ਨਹੀਂ ਲਾ ਸਕਦੇ, ਤਾਂ ਤੁਸੀਂ ਅਜੇ ਵੀ ਡਾਕ ਰਾਹੀਂ ਵੋਟ ਪਾ ਸਕਦੇ ਹੋ। ਤੁਸੀਂ ਪਹੁੰਚਯੋਗ ਗੈਰਹਾਜ਼ਰ ਬੈਲਟ ਲਈ ਬੇਨਤੀ ਕਰ ਸਕਦੇ ਹੋ, ਜਿਸ ਨੂੰ ਸਕ੍ਰੀਨ ਰੀਡਰ ਰਾਹੀਂ ਜਾਂ ਕੰਪਿਊਟਰ ਦੀ ਵਰਤੋਂ ਭਰਕੇ ਪੜ੍ਹਿਆ ਜਾ ਸਕਦਾ ਹੈ। ਇੱਕ ਪਹੁੰਚਯੋਗ ਗੈਰਹਾਜ਼ਰ ਬੈਲਟ ਲਈ ਬੇਨਤੀ ਕਰਨ ਵਾਸਤੇ: **nycabsentee.com/accessibility** 'ਤੇ ਜਾਓ ਜਾਂ ਸੁਣਨ ਵਿੱਚ ਦਿੱਕਤ ਵਾਲਿਆਂ ਲਈ 866-VOTE-NYC (866-868-3692) ਜਾਂ TTY 212-487-5496 'ਤੇ ਕਾੱਲ ਕਰੋ।

## ਭਾਸ਼ਾ ਅਤੇ ਦੁਭਾਸ਼ੀਆ ਸੇਵਾ

ਸ਼ਹਿਰ ਭਰ ਵਿੱਚ ਕਈ ਵੋਟਾਂ ਪੈਣ ਦੀ ਥਾਂ 'ਤੇ ਦੁਭਾਸ਼ੀਏ ਮਿਲਦੇ ਹਨ। ਤੁਹਾਨੂੰ ਆਪਣੇ ਨਾਲ ਕਿਸੇ ਨੂੰ ਲਿਆਉਣ ਦਾ ਹੱਕ ਹੈ, ਇਸ ਵਿੱਚ ਤੁਹਾਨੂੰ ਤੁਹਾਡੀ ਵੋਟ-ਪਰਚੀ ਬਾਰੇ ਸਮਝਣ ਵਿੱਚ ਮਦਦ ਲਈ ਪਰਿਵਾਰ ਦਾ ਮੈਂਬਰ, ਦੋਸਤ ਜਾਂ ਦੁਭਾਸ਼ੀਏ ਸ਼ਾਮਿਲ ਹੁੰਦਾ ਹੈ।

ਤੁਸੀਂ **punjabi.nycvotes.org/accessibility** 'ਤੇ ਜਾਕੇ ਉਹਨਾਂ ਵੋਟਾਂ ਪੈਣ ਦੀ ਥਾਂ ਬਾਰੇ ਜਾਣ ਸਕਦੇ ਹੋ, ਜਿੱਥੇ ਦੁਭਾਸ਼ੀਏ ਉਪਲਬਧ ਕਰਾਏ ਜਾਂਦੇ ਹਨ। ਤੁਸੀਂ 866-VOTE-NYC (866-868-3692) 'ਤੇ ਵੀ ਕਾੱਲ ਕਰ ਸਕਦੇ ਹੋ।

## ਵੋਟ-ਪਰਚੀ 'ਤੇ ਨਿਸ਼ਾਨ ਲਾਉਣ ਵਾਲ਼ੀ ਡਿਵਾਈਸ

ਵੋਟਰਾਂ ਲਈ ਬਿਹਤਰ ਪਹੁੰਚਯੋਗਤਾ ਮੁਹੱਈਆ ਕਰਾਉਣ ਲਈ ਵੋਟਾਂ ਪੈਣ ਦੀਆਂ ਸਾਰੀਆਂ ਥਾਵਾਂ 'ਤੇ ਵੋਟ-ਪਰਚੀ 'ਤੇ ਨਿਸ਼ਾਨ ਲਾਉਣ ਵਾਲੇ ਡਿਵਾਈਸ (BMD) ਉਪਲਬਧ ਹਨ, ਇਹਨਾਂ ਵੋਟਰਾਂ ਵਿੱਚ ਨੇਤਰਹੀਣ, ਜਿਹਨਾਂ ਨੂੰ ਘੱਟ ਨਜ਼ਰ ਆਉਂਦਾ ਹੈ ਜਾਂ ਅਸਮਰੱਥਾ (ਅਪੰਗਤਾ) ਹਨ ਜਾਂ ਅਜਿਹੀ ਸਥਿਤੀ ਹੈ, ਜਿਸ ਕਰਕੇ ਉਹਨਾਂ ਨੂੰ ਪੈਨ ਨਾਲ ਵੋਟ-ਪਰਚੀ 'ਤੇ ਨਿਸ਼ਾਨ ਲਾਉਣ ਵਿੱਚ ਮੁਸ਼ਕਿਲਾਂ ਜਾਂ ਦਿੱਕਤ ਹੁੰਦੀ ਹੈ, ਸ਼ਾਮਿਲ ਹਨ

ਜੇ ਤੁਸੀਂ BMD ਦੀ ਵਰਤੋਂ ਕਰਨਾ ਚਾਹੁੰਦੇ ਹੋ, ਤਾਂ ਸਿਰਫ਼ ਆਪਣੇ ਪੋਲ ਵਰਕਰ ਨੂੰ ਕਹੋ। ਤੁਸੀਂ ਡਿਸਪਲੇ ਸਕ੍ਰੀਨ 'ਤੇ ਵੋਟ-ਪਰਚੀ ਵੇਖਣ ਲਈ ਇਸਦੀ ਵਰਤੋਂ ਕਰ ਸਕਦੇ ਹੋ, ਇਸਨੂੰ ਹੋਰਨਾਂ ਭਾਸ਼ਾਵਾਂ ਵਿੱਚ ਅਨੁਵਾਦ ਕਰ ਸਕਦੇ ਹੋ ਜਾਂ ਹੈਡਫੋਨ ਰਾਹੀਂ ਆਪਣੀ ਪਸੰਦ ਸੁਣ ਸਕਦੇ ਹੋ।

## ਡਿਵਾਈਸ ਤੁਹਾਡੀ ਵੋਟ-ਪਰਚੀ 'ਤੇ ਚਾਰ ਤਰ੍ਹਾਂ ਨਾਲ ਨਿਸ਼ਾਨ ਲਾਉਂਦੀ ਹੈ:


ਟੱਚ ਸਕ੍ਰੀਨ


ਕੀਪੈਡ (ਬ੍ਰੇਲ)


ਸਿਪ ਐਂਡ ਪਫ਼ ਡਿਵਾਈਸ



ਰੌਕਰ ਪੈਡਲ

- ਤੁਸੀਂ ਟੈਕਸਟ ਵੱਡੀ ਕਰਨ ਲਈ “ZOOM IN” (“ਜ਼ੂਮ ਇਨ”) ਕਰ ਸਕਦੇ ਹੋ, ਅਤੇ ਟੈਕਸਟ ਨੂੰ ਮੂਲ ਅਕਾਰ ਵਿੱਚ ਵਾਪਸ ਲਿਆਉਣ ਲਈ “ZOOM OUT” (“ਜ਼ੂਮ ਆਊਟ”) ਕਰ ਸਕਦੇ ਹੋ ਜਾਂ ਵੋਟ-ਪਰਚੀ ਨੂੰ ਕਾਲੇ ਪਿਛੋਕੜ 'ਤੇ ਚਿੱਟੀ ਟੈਕਸਟ ਵਿੱਚ ਡਿਸਪਲੇ ਕਰਨ ਲਈ “HIGH CONTRAST” (“ਹਾਈ ਕੰਟ੍ਰਾਸਟ”) ਚੁਣੋ।
- ਤੁਸੀਂ ਹੈਡਫੋਨ 'ਤੇ ਆੱਡੀਓ ਵੀ ਦੁਹਰਾ ਸਕਦੇ ਹੋ ਅਤੇ ਰਫ਼ਤਾਰ ਅਤੇ ਅਵਾਜ਼ ਐਡਜਸਟ ਕਰ ਸਕਦੇ ਹੋ।
- ਯਾਦ ਰੱਖੋ! ਜਦ ਤੱਕ ਤੁਸੀਂ ਨਿਸ਼ਾਨ ਲੱਗੀ ਵੋਟ-ਪਰਚੀ ਸਕੈਨਰ ਵਿੱਚ ਨਹੀਂ ਪਾਉਂਦੇ ਅਤੇ ਆਪਣੀ ਵੋਟ ਪਾ ਦਿੰਦੇ ਹੋ, ਤਾਂ ਤੁਹਾਡੀ ਚੋਣ ਅੰਤਮ ਨਹੀਂ ਮੰਨੀ ਜਾਂਦੀ।
- ਜੇ ਤੁਸੀਂ ਸਕੈਨਰ ਵਿੱਚ ਆਪਣੀ ਵੋਟ-ਪਰਚੀ ਅੰਦਰ ਕਰਨ ਲਈ ਮਦਦ ਚਾਹੁੰਦੇ ਹੋ, ਤਾਂ ਪੋਲ ਵਰਕਰ ਤੁਹਾਡੀ ਮਦਦ ਕਰੇਗਾ।

# ਸੈਂਪਲ ਤਰਜੀਹੀ ਵੋਟ-ਪਰਚੀ

ਸੈਂਪਲ ਵੋਟ-ਪਰਚੀ ਸਿਰਫ਼ ਡਿਸਪਲੇ ਲਈ ਹੈ। ਇਹ ਅਸਲ ਵੋਟ-ਪਰਚੀ ਨਹੀਂ ਹੈ ਅਤੇ ਇਸ ਨੂੰ ਭਰਨ ਨਾਲ ਹੀ ਤੁਹਾਡੀ ਵੋਟ ਨਹੀਂ ਗਿਣੀ ਜਾਏਗੀ।

| Rank up to 5 choices<br>Mark no more than 1 oval in each column<br><br>Clasifique hasta 5 opciones<br>Marque no más de un óvalo en cada columna | | Choice Opción 1st | Choice Opción 2nd | Choice Opción 3rd | Choice Opción 4th | Choice Opción 5th |
|---|---|---|---|---|---|---|
| **Candidate A**<br>Party Name | A | ⬭ | ⬭ | ⬭ | ⬭ | ⬭ |
| **Candidate B**<br>Party Name | B | ⬭ | ⬭ | ⬭ | ⬭ | ⬭ |
| **Candidate C**<br>Party Name | C | ⬭ | ⬭ | ⬭ | ⬭ | ⬭ |
| **Candidate D**<br>Party Name | D | ⬭ | ⬭ | ⬭ | ⬭ | ⬭ |
| **Candidate E**<br>Party Name | E | ⬭ | ⬭ | ⬭ | ⬭ | ⬭ |
| **Candidate F**<br>Party Name | F | ⬭ | ⬭ | ⬭ | ⬭ | ⬭ |
| **Candidate G**<br>Party Name | G | ⬭ | ⬭ | ⬭ | ⬭ | ⬭ |
| **Candidate H**<br>Party Name | H | ⬭ | ⬭ | ⬭ | ⬭ | ⬭ |
| **Candidate I**<br>Party Name | I | ⬭ | ⬭ | ⬭ | ⬭ | ⬭ |
| **Candidate J**<br>Party Name | J | ⬭ | ⬭ | ⬭ | ⬭ | ⬭ |
| Write-in<br>candidato por escrito | | ⬭ | ⬭ | ⬭ | ⬭ | ⬭ |

## ਮੇਰੀਆਂ ਮੁੱਖ ਤਰਜੀਹਾਂ

ਸਿਟੀ ਕੌਂਸਲ ਲਈ ਆਪਣੀਆਂ ਮੁੱਖ ਤਰਜੀਹਾਂ ਦੀ ਸੂਚੀ ਬਣਾਉਣ ਲਈ ਇਸ ਪੰਨੇ ਦੀ ਵਰਤੋਂ ਕਰੋ। ਤੁਸੀਂ ਆਪਣੀ ਵੋਟ-ਪਰਚੀ ਭਰਨ ਵੇਲੇ ਇਸ ਨੂੰ ਹਵਾਲੇ ਵਜੋਂ ਆਪਣੀ ਵੋਟਾਂ ਪੈਣ ਦੀ ਥਾਂ 'ਤੇ ਲਿਜਾ ਸਕਦੇ ਹੋ।

### ਸਿਟੀ ਕੌਂਸਲ

| |
|---|
| ਪਹਿਲਾ/ਪਹਿਲੀ (1st) |
| ਦੂਜਾ/ਦੂਜੀ (2nd) |
| ਤੀਜਾ/ਤੀਜੀ (3rd) |
| ਚੌਥਾ/ਚੌਥੀ (4th) |
| ਪੰਜਵਾਂ/ਪੰਜਵੀਂ (5th) |

**ਯਾਦ ਰੱਖੋ! ਤੁਹਾਡੀ ਪਾਰਟੀ ਅਤੇ ਜਿੱਥੇ ਤੁਸੀਂ ਰਹਿੰਦੇ ਹੋ, 'ਤੇ ਨਿਰਭਰ ਕਰਦਿਆਂ ਤੁਹਾਡੀ ਵੋਟ-ਪਰਚੀ 'ਤੇ ਹੋਰ ਦਫ਼ਤਰ ਹੋ ਸਕਦੇ ਹਨ।**

ਤੁਸੀਂ **findmypollsite.vote.nyc** 'ਤੇ ਚੋਣ ਬੋਰਡ (Board of Elections) ਤੋਂ ਆਪਣੀ ਵੋਟ-ਪਰਚੀ ਦੇ ਸੈਂਪਲ ਦਾ ਜਾਇਜ਼ਾ ਲੈ ਸਕਦੇ ਹੋ।

# ਤਰਜੀਹੀ ਵੋਟਿੰਗ

NYC ਸ਼ਹਿਰੀ ਦਫ਼ਤਰਾਂ ਲਈ ਮੁੱਖ ਅਤੇ ਖਾਸ ਚੋਣਾਂ ਵਿੱਚ **ਤਰਜੀਹੀ ਵੋਟਿੰਗ** ਦੀ ਵਰਤੋਂ ਕਰਦੀ ਹੈ। ਤਰਜੀਹੀ ਵੋਟਿੰਗ ਨਾਲ, ਸਿਰਫ਼ ਇੱਕ ਉਮੀਦਵਾਰ ਨੂੰ ਚੁਣਨ ਦੀ ਥਾਂ, ਤਰਜੀਹੀ ਤਰਤੀਬ ਵਿੱਚ ਤੁਸੀਂ ਪੰਜ ਉਮੀਦਵਾਰਾਂ ਤੱਕ ਨੂੰ ਰੈਂਕ ਦੇ ਸਕਦੇ ਹੋ। ਇਸ ਨਾਲ ਤੁਸੀਂ ਆਪਣੀ ਗੱਲ ਕਹਿ ਸਕਦੇ ਹੋ ਕਿ ਕੌਣ ਚੁਣਿਆ ਜਾਂਦਾ ਹੈ ਅਤੇ ਹੋਰ ਵੰਨ-ਸੁਵੰਨੇ ਉਮੀਦਵਾਰਾਂ ਦੇ ਜਿੱਤਣ ਦੀ ਰਾਹ ਖੁੱਲ੍ਹ ਸਕਦੀ ਹੈ।

### ਅਸੀਂ ਤਰਜੀਹੀ ਵੋਟਿੰਗ ਦੀ ਵਰਤੋਂ ਕਿਉਂ ਕਰ ਰਹੇ ਹਾਂ?


ਨਿਊਯਾਰਕ ਦੇ ਵਸਨੀਕਾਂ ਨੇ 2019 ਵੋਟ-ਪਰਚੀ ਦੇ ਮੁਲਾਂਕਣ ਵਿੱਚ ਤਰਜੀਹੀ ਵੋਟਿੰਗ ਦੀ ਵਰਤੋਂ ਨੂੰ ਚੁਣਿਆ ਸੀ। ਇਹ 73.5% ਹਿਮਾਇਤ ਨਾਲ ਪਾਸ ਹੋਇਆ ਹੈ।

### ਮੈਂ ਕਿਹੜੇ ਦਫ਼ਤਰਾਂ ਲਈ ਤਰਜੀਹੀ ਵੋਟਿੰਗ ਨਾਲ ਵੋਟ ਪਾਵਾਂਗਾ/ਪਾਵਾਂਗੀ?


ਤੁਸੀਂ ਇਸ ਜੂਨ ਨੂੰ ਸਿਟੀ ਕੌਂਸਲ ਲਈ ਤਰਜੀਹੀ ਵੋਟਿੰਗ ਦੀ ਵਰਤੋਂ ਕਰੋਗੇ। ਹਾਲਾਂਕਿ, ਤੁਹਾਡੀ ਵੋਟ-ਪਰਚੀ 'ਤੇ ਜੱਜਾਂ ਵਾਂਗ ਹੋਰ ਦਫ਼ਤਰ ਹੋਣ ਦੀ ਸੰਭਾਵਨਾ ਹੋਏਗੀ, ਜਿਹਨਾਂ ਵਿੱਚ ਤਰਜੀਹੀ ਵੋਟਿੰਗ ਦੀ ਵਰਤੋਂ ਨਹੀਂ ਕੀਤੀ ਜਾਏਗੀ, ਕਿਉਂਕਿ ਉਹ ਸ਼ਹਿਰੀ ਦਫ਼ਤਰ ਨਹੀਂ ਹਨ।

## ਤਰਜੀਹੀ ਵੋਟਿੰਗ ਨਾਲ ਮੈਂ ਆਪਣੀ ਵੋਟ-ਪਰਚੀ ਕਿਵੇਂ ਭਰ ਸਕਦਾ/ਸਕਦੀ ਹਾਂ?


1. ਆਪਣੀ ਪਹਿਲੀ ਪਸੰਦ ਦਾ ਉਮੀਦਵਾਰ ਚੁਣੋ ਅਤੇ ਪਹਿਲੇ ਕਾੱਲਮ ਹੇਠ ਉਸ ਦੇ ਨਾਂ ਦੇ ਐਨ ਸਾਹਮਣੇ ਅੰਡਾਕਾਰ ਥਾਂ ਭਰੋ।
2. ਜੇ ਤੁਹਾਡਾ ਦੂਜੀ ਪਸੰਦ ਦਾ ਉਮੀਦਵਾਰ ਹੈ, ਤਾਂ 2ਜੇ ਕਾੱਲਮ ਹੇਠ ਉਹਨਾਂ ਦੇ ਨਾਂ ਦੇ ਸਾਹਮਣੇ ਅੰਡਾਕਾਰ ਥਾਂ ਭਰੋ।
3. ਤੁਸੀਂ 5 ਉਮੀਦਵਾਰਾਂ ਤੱਕ ਨੂੰ ਰੈਂਕ ਦੇ ਸਕਦੇ ਹੋ। ਹਾਲਾਂਕਿ, ਤੁਸੀਂ ਅਜੇ ਵੀ ਸਿਰਫ਼ ਇੱਕ ਉਮੀਦਵਾਰ ਨੂੰ ਵੋਟ ਪਾ ਸਕਦੇ ਹੋ। ਤੁਹਾਡੀ ਪਹਿਲੀ ਪਸੰਦ, ਹੋਰਨਾਂ ਉਮੀਦਵਾਰਾਂ ਦੀ ਰੈਂਕਿੰਗ ਨੂੰ ਨੁਕਸਾਨ ਨਹੀਂ ਪਹੁੰਚਾਉਂਦੀ।




ਸੈਂਪਲ ਵੋਟ-ਪਰਚੀ 'ਤੇ ਤਰਜੀਹੀ ਵੋਟਿੰਗ ਦੀ ਪ੍ਰੈਕਟਿਸ ਕਰਨ ਲਈ **punjabi.nycvotes.org/rcv-ballot** 'ਤੇ ਜਾਓ।




ਕਈ ਉਮੀਦਵਾਰਾਂ ਨੂੰ ਉਹੀ ਰੈਂਕਿੰਗ **ਨਾ** ਦਿਓ। ਜੇ ਤੁਸੀਂ ਆਪਣੀ ਪਹਿਲੀ ਪਸੰਦ ਵਜੋਂ ਇੱਕ ਤੋਂ ਵੱਧ ਉਮੀਦਵਾਰ ਚੁਣਦੇ ਹੋ, ਤਾਂ **ਤੁਹਾਡੀ ਵੋਟ-ਪਰਚੀ ਵੈਧ ਨਹੀਂ ਹੋਏਗੀ**।





ਉਮੀਦਵਾਰ ਨੂੰ ਇੱਕ ਤੋਂ ਵੱਧ ਵਾਰੀ ਰੈਂਕ **ਨਾ** ਦਿਓ। ਜੇ ਤੁਸੀਂ ਇੰਜ ਕਰਦੇ ਹੋ, ਤਾਂ ਉਹਨਾਂ ਲਈ ਸਿਰਫ਼ ਤੁਹਾਡੀ ਮੁੱਖ ਰੈਂਕਿੰਗ ਹੀ ਗਿਣੀ ਜਾਏਗੀ।


# ਤਰਜੀਹੀ ਵੋਟ-ਪਰਚੀ ਦੀ ਗਿਣਤੀ ਕਿਵੇਂ ਕੀਤੀ ਜਾਏਗੀ?

ਤਰਜੀਹੀ ਵੋਟਿੰਗ ਬਾਰੇ ਹੋਰ ਜਾਣਕਾਰੀ ਲਈ, ਤਰਜੀਹੀ ਵੋਟਿੰਗ ਵੇਖਣ ਲਈ ਪੰਨਾ 44 'ਤੇ ਅਕਸਰ ਪੁੱਛੇ ਜਾਣ ਵਾਲੇ ਸੁਆਲ ਵੇਖੋ ਜਾਂ **punjabi.nycvotes.org/rcv** 'ਤੇ ਜਾਓ।


ਜੇ ਕਿਸੇ ਉਮੀਦਵਾਰ ਨੂੰ ਪਹਿਲੀ ਪਸੰਦ ਦੀਆਂ 50% ਤੋਂ ਵੱਧ ਵੋਟਾਂ ਨਹੀਂ ਮਿਲਦੀਆਂ, ਤਾਂ ਫਿਰ ਗਿਣਤੀ ਗੇੜਾਂ ਵਿੱਚ ਜਾਰੀ ਰਹੇਗੀ।





ਜੇ ਉਮੀਦਵਾਰ ਨੂੰ ਪਹਿਲੀ-ਪਸੰਦ ਦੀਆਂ ਵੋਟਾਂ ਦਾ 50% ਤੋਂ ਵੱਧ ਮਿਲਦਾ ਹੈ, ਤਾਂ ਉਹ ਚੋਣ ਜਿੱਤ ਜਾਂਦਾ ਹੈ।




ਹਰ ਗੇੜ ਵਿੱਚ, ਸਭ ਤੋਂ ਘੱਟ ਵੋਟਾਂ ਵਾਲਾ ਉਮੀਦਵਾਰ ਬਾਹਰ ਹੋ ਜਾਂਦਾ ਹੈ। ਜੇ ਤੁਹਾਡੀ ਮੁੱਖ ਪਸੰਦ ਦਾ ਉਮੀਦਵਾਰ ਬਾਹਰ ਹੋ ਜਾਂਦਾ ਹੈ, ਤਾਂ ਤੁਹਾਡੀ ਵੋਟ, ਤੁਹਾਡੀ ਵੋਟ-ਪਰਚੀ 'ਤੇ ਅਗਲੇ ਸਭ ਤੋਂ ਉੱਚੇ ਰੈਂਕ ਵਾਲੇ ਉਮੀਦਵਾਰ ਨੂੰ ਮਿਲ ਜਾਂਦੀ ਹੈ।




ਇਹ ਅਮਲ ਸਿਰਫ਼ 2 ਉਮੀਦਵਾਰ ਰਹਿਣ ਤੱਕ ਜਾਰੀ ਰਹਿੰਦਾ ਹੈ।




**ਸਭ ਤੋਂ ਵੱਧ ਵੋਟਾਂ ਹਾਸਿਲ ਕਰਨ ਵਾਲਾ ਉਮੀਦਵਾਰ ਜਿੱਤਦਾ ਹੈ!**

# ਚੁਣੇ ਗਏ ਅਧਿਕਾਰੀ ਕੀ ਕਰਦੇ ਹਨ?

ਸਾਡੇ ਚੁਣੇ ਗਏ ਅਧਿਕਾਰੀ ਹਰ ਰੋਜ਼ ਅਜਿਹੇ ਨਿਰਣੇ ਲੈਂਦੇ ਹਨ, ਜੋ ਨੌਕਰੀਆਂ, ਰਿਹਾਇਸ਼, ਸਿੱਖਿਆ, ਸਿਹਤ ਸੰਭਾਲ, ਅਤੇ ਹੋਰ ਗੱਲਾਂ ਨੂੰ ਪ੍ਰਭਾਵਿਤ ਕਰਦੇ ਹਨ। ਆਪਣੀ ਵੋਟ-ਪਰਚੀ 'ਤੇ ਦਿੱਤੇ ਦਫ਼ਤਰਾਂ ਬਾਰੇ ਹੋਰ ਜਾਣੋ।

**ਆਪਣੀ ਡਿਸਟ੍ਰਿਕਟ ਵਿੱਚ ਆਪਣੀ ਪਾਰਟੀ ਦੇ ਉਮੀਦਵਾਰਾਂ ਦੀ ਸਭ ਤੋਂ ਨਵੀਂ ਸੂਚੀ ਦੇਖਣ ਲਈ punjabi.nycvotes.org/candidates** 'ਤੇ ਜਾਓ।

## ਸ਼ਹਿਰੀ ਦਫ਼ਤਰ

### ਸਿਟੀ ਕੌਂਸਲ

ਸਿਟੀ ਕੌਂਸਲ ਨਿਊਯਾਰਕ ਸ਼ਹਿਰ ਦੀ ਸਰਕਾਰ ਦੀ ਵਿਧਾਨਕਾਰੀ ਜਾਂ ਕਾਨੂੰਨ ਘੜਣ ਵਾਲੀ ਬ੍ਰਾਂਚ ਹੈ। ਇਸ ਵਿੱਚ 51 ਮੈਂਬਰ ਹਨ। ਆਮ ਤੌਰ 'ਤੇ ਕੌਂਸਲ ਮੈਂਬਰ 4 ਸਾਲ (ਲਗਾਤਾਰ 2 ਮਿਆਦਾਂ ਤੱਕ) ਲਈ ਸੇਵਾ ਦਿੰਦੇ ਹਨ।

- 2020 ਦੀ ਮਰਦਮਸ਼ੁਮਾਰੀ ਤੋਂ ਬਾਅਦ, ਅਬਾਦੀ ਵਿਚਲੀਆਂ ਤਬਦੀਲੀਆਂ ਦਾ ਤਾਲਮੇਲ ਕਰਨ ਲਈ ਸਿਟੀ ਕੌਂਸਲ ਦੀਆਂ ਡਿਸਟ੍ਰਿਕਟਾਂ ਨੂੰ ਫਿਰ ਤੋਂ ਤਿਆਰ ਕੀਤਾ ਗਿਆ ਸੀ। ਇਸ ਅਮਲ ਕਰਕੇ, ਇਸ ਸਾਲ ਚੁਣੇ ਗਏ ਕੌਂਸਲ ਮੈਂਬਰ ਨਵੀਆਂ ਤਿਆਰ ਕੀਤੀਆਂ ਗਈਆਂ ਡਿਸਟ੍ਰਿਕਟਾਂ ਵਿੱਚ 2-ਸਾਲ ਦੀ ਮਿਆਦ ਲਈ ਸੇਵਾ ਦੇਣਗੇ। 2025 ਵਿੱਚ, 4-ਸਾਲ ਦੀ ਮਿਆਦ ਮੁੜ ਸ਼ੁਰੂ ਹੋਵੇਗੀ।
- ਬਿੱਲ ਪੇਸ਼ ਕਰਦੇ ਹਨ ਅਤੇ ਵੋਟ ਪਾਉਂਦੇ ਹਨ।
- ਸ਼ਹਿਰ ਦੇ ਬਜਟ 'ਤੇ ਗੱਲਬਾਤ ਕਰਦੇ ਹਨ ਅਤੇ ਮੰਜ਼ੂਰੀ ਦਿੰਦੇ ਹਨ।
- ਸਿਟੀ ਏਜੰਸੀਆਂ ਦੀ ਨਿਗਰਾਨੀ ਕਰਦੇ ਹਨ।
- ਸਾਡੇ ਸ਼ਹਿਰ ਦੇ ਵਾਧੇ ਅਤੇ ਵਿਕਾਸ ਬਾਰੇ ਨਿਰਣੇ ਲੈਂਦੇ ਹਨ।
- ਆਪਣੇ ਵੋਟਰਾਂ ਨੂੰ ਸਹਾਇਤਾ ਪ੍ਰਦਾਨ ਕਰਦੇ ਹਨ।

**ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ findmypollsite.vote.nyc 'ਤੇ ਪਤਾ ਲਗਾਓ।**

## ਕਾਊਂਟੀ ਦਫ਼ਤਰ

### ਡਿਸਟ੍ਰਿਕਟ ਅਟਾਰਨੀ

ਡਿਸਟ੍ਰਿਕਟ ਅਟਾਰਨੀ ਆਪਣੀ ਕਾਊਂਟੀ ਦਾ ਮੁੱਖ ਸਰਕਾਰੀ ਵਕੀਲ ਹੈ। ਉਹ 4 ਸਾਲ ਲਈ ਸੇਵਾ ਦਿੰਦੇ ਹਨ। ਮਿਆਦ ਦੀ ਕੋਈ ਸੀਮਾ ਨਹੀਂ ਹੈ।

- ਫ਼ੈਸਲਾ ਕਰਦੇ ਹਨ ਕਿ ਕਿਹੜੇ ਕੇਸਾਂ ਦਾ ਮੁਕੱਦਮਾ ਚਲਾਇਆ ਜਾਣਾ ਹੈ (ਅਤੇ ਕਿਹੜਿਆਂ ਦਾ ਨਹੀਂ)।
- ਫ਼ੌਜਦਾਰੀ ਦੇ ਸਾਰੇ ਮੁਕੱਦਮਿਆਂ ਦੀ ਨਿਗਰਾਨੀ ਕਰਦੇ ਹਨ।
- ਮੁਜਰਮਾਨਾ ਵਿਹਾਰ ਦੀ ਪੜਤਾਲ ਕਰਨੀ ਅਤੇ ਮੁਕੱਦਮਾ ਚਲਾਉਣਾ।

## ਜੱਜ

### ਸਿਵਿਲ ਅਦਾਲਤ - ਕਾਊਂਟੀ ਅਤੇ ਡਿਸਟ੍ਰਿਕਟ

ਸਿਵਿਲ ਅਦਾਲਤ ਦੇ ਜੱਜ ਕਾਊਂਟੀਆਂ ਜਾਂ ਡਿਸਟ੍ਰਿਕਟ ਦੀ ਨੁਮਾਇੰਦਗੀ ਕਰ ਸਕਦੇ ਹਨ, ਇਸ ਲਈ ਤੁਹਾਨੂੰ ਆਪਣੀ ਵੋਟ-ਪਰਚੀ 'ਤੇ ਸਿਵਿਲ ਅਦਾਲਤ ਦੇ ਇੱਕ ਜੱਜ ਨਾਲੋਂ ਵੱਧ ਜੱਜ ਨਜ਼ਰ ਆ ਸਕਦੇ ਹਨ। ਜੱਜਾਂ ਨੂੰ 10-ਸਾਲ ਦੀ ਮਿਆਦ ਲਈ ਚੁਣਿਆ ਜਾਂਦਾ ਹੈ ਅਤੇ ਉਹਨਾਂ ਵਲੋਂ ਸੁਣੇ ਜਾਣ ਵਾਲੇ ਕੇਸਾਂ ਵਿੱਚ ਸ਼ਾਮਿਲ ਹਨ:

- $50,000 ਤੱਕ ਦੇ ਦੀਵਾਨੀ ਮਾਮਲੇ।
- ਮਕਾਨ-ਮਾਲਕ-ਕਿਰਾਏਦਾਰ ਸਬੰਧੀ ਮਾਮਲੇ ਅਤੇ ਰਿਹਾਇਸ਼ ਦੇ ਮਿਆਰਾਂ ਨਾਲ ਜੁੜੇ ਦੇਖਭਾਲ ਕਰਨ ਸਬੰਧੀ ਮਾਮਲੇ।
- ਦੁਰਵਿਹਾਰ ਸਬੰਧੀ ਮੁਜਰਮਾਨਾ ਮੁਕੱਦਮਾ।

## ਪਾਰਟੀ ਦੇ ਅਹੁਦੇ

ਇਹ ਸਰਕਾਰੀ ਅਹੁਦੇ ਨਹੀਂ ਹਨ, ਬਲਕਿ ਸਥਾਨਕ ਸਿਆਸੀ ਪਾਰਟੀਆਂ ਵਿੱਚ ਲੀਡਰਸ਼ਿਪ ਦੀ ਭੂਮਿਕਾ ਹੈ। ਕਿਰਪਾ ਕਰਕੇ ਧਿਆਨ ਦਿਓ ਕਿ ਹੇਠਾਂ ਦਿੱਤੇ ਹਰ ਇੱਕ ਦਫ਼ਤਰ ਦੇ ਖ਼ਾਸ ਫ਼ਰਜ਼ ਤੁਹਾਡੀ ਸਿਆਸੀ ਪਾਰਟੀ ਅਤੇ ਜਿੱਥੇ ਤੁਸੀਂ ਰਹਿੰਦੇ ਹੋ, ਨੂੰ ਵੇਖਦਿਆਂ ਅਲੱਗ ਹੋ ਸਕਦੇ ਹਨ। ਤੁਹਾਡੀ ਪਾਰਟੀ 'ਤੇ ਨਿਰਭਰ ਕਰਦਿਆਂ, ਲਿੰਗ-ਬਰਾਬਰੀ ਨੂੰ ਉਤਸਾਹ ਦੇਣ ਵਿੱਚ ਮਦਦ ਲਈ ਤੁਹਾਡੀ ਵੋਟ-ਪਰਚੀ 'ਤੇ ਦਿੱਤੀਆਂ ਗਈਆਂ ਪਾਰਟੀਆਂ ਵਿੱਚ ਲਿੰਗ ਨੂੰ ਅਧਾਰ ਬਣਾਕੇ ਕਈ ਅਹੁਦੇ ਹੋ ਸਕਦੇ ਹਨ।

### ਅਦਾਲਤੀ ਸਮਾਗਮ ਲਈ ਡੈਲੀਗੇਟ

ਅਦਾਲਤੀ ਸਮਾਗਮ ਦੇ ਡੈਲੀਗੇਟ/ਨੁਮਾਇੰਦੇ ਸਟੇਟ ਦੀ ਸੁਪਰੀਮ ਅਦਾਲਤ ਲਈ ਆਪਣੀ ਪਾਰਟੀ ਦੇ ਨਾਮਜ਼ਦ ਵਿਅਕਤੀਆਂ ਨੂੰ ਚੁਣ ਸਕਦੇ ਹਨ। ਤੁਸੀਂ ਕਿੰਨੇ ਡੈਲੀਗੇਟ/ਨੁਮਾਇੰਦੇ ਲਈ ਵੋਟ ਪਾ ਸਕਦੇ ਹੋ, ਇਸਦਾ ਫ਼ੈਸਲਾ ਤੁਹਾਡੀ ਵਿਧਾਨ ਸਭਾ ਦੀ ਡਿਸਟ੍ਰਿਕਟ ਕਰਦੀ ਹੈ। ਤੁਹਾਡੀ ਵੋਟ-ਪਰਚੀ ਤੁਹਾਨੂੰ ਦੱਸੇਗੀ ਕਿ ਤੁਸੀਂ ਕਿੰਨੇ ਡੈਲੀਗੇਟ/ਨੁਮਾਇੰਦੇ ਚੁਣ ਸਕਦੇ ਹੋ।

- ਉਹ ਆਪਣੀ ਪਾਰਟੀ ਦੇ ਅਦਾਲਤੀ ਸਮਾਗਮ ਵਿੱਚ ਹਿੱਸਾ ਲੈਂਦੇ ਹਨ।
- ਆਮ ਚੋਣਾਂ ਵਿੱਚ ਸਟੇਟ ਸੁਪਰੀਮ ਅਦਾਲਤ ਲਈ ਆਪਣੀ ਪਾਰਟੀ ਦੇ ਨਾਮਜ਼ਦ ਵਿਅਕਤੀ ਦੀ ਚੋਣ ਕਰਦੇ ਹਨ।
- ਸੇਵਾ ਦੇਣ ਦੇ ਅਸਮਰੱਥ ਡੈਲੀਗੇਟ/ਨੁਮਾਇੰਦੇ ਦੇ ਮਾਮਲੇ ਵਿੱਚ ਬਦਲਵੇਂ ਡੈਲੀਗੇਟ ਚੁਣੇ ਜਾਂਦੇ ਹਨ (ਜਿਊਰੀ ਬਾਰੇ ਵਿਕਲਪ ਰਾਹੀਂ)।

### ਸਟੇਟ ਕਮੇਟੀ ਦੇ ਮੈਂਬਰ

ਸਟੇਟ ਕਮੇਟੀ ਦੇ ਮੈਂਬਰ, ਸਟੇਟ ਦੀਆਂ ਸਿਆਸੀ ਪਾਰਟੀਆਂ ਦੇ ਅੰਦਰ ਆਪਣੀ ਵਿਧਾਨ ਸਭਾ ਦੀ ਡਿਸਟ੍ਰਿਕਟ ਦੀ ਨੁਮਾਇੰਦਗੀ ਕਰਦੇ ਹਨ। ਕਮੇਟੀ ਦੇ ਮੈਂਬਰ ਦੋ-ਸਾਲ ਦੀ ਮਿਆਦ ਲਈ ਸੇਵਾ ਦਿੰਦੇ ਹਨ।

- ਆਪਣੀ ਸਟੇਟ ਪਾਰਟੀ ਦੀ ਕੰਵੈਨਸ਼ਨ ਅਤੇ ਸਲਾਨਾ ਮੀਟਿੰਗਾਂ ਵਿੱਚ ਸ਼ਾਮਿਲ ਹੁੰਦੇ ਹਨ।
- ਆਪਣੇ ਭਾਈਚਾਰੇ, ਸਥਾਨਕ ਤੌਰ 'ਤੇ ਚੁਣੇ ਗਏ ਅਧਿਕਾਰੀ, ਸ਼ਹਿਰੀ ਸਰਕਾਰ, ਅਤੇ ਸਿਆਸੀ ਉਮੀਦਵਾਰਾਂ ਵਿਚਕਾਰ ਤਾਲਮੇਲ ਕਰਨ ਵਜੋਂ ਸੇਵਾ ਦਿੰਦੇ ਹਨ।

### ਕਾਉਂਟੀ ਦੇ ਕਮੇਟੀ ਮੈਂਬਰ

ਕਮੇਟੀ ਦੇ ਮੈਂਬਰ ਆਪਣੀ ਸਿਆਸੀ ਪਾਰਟੀ ਅਤੇ ਸਟੇਟ ਦੀਆਂ ਖ਼ਾਸ ਚੋਣਾਂ ਲਈ ਆਪਣੀ ਪਾਰਟੀ ਦੇ ਉਮੀਦਵਾਰਾਂ ਲਈ ਕਾਉਂਟੀ ਲੀਡਰ ਚੁਣਦੇ ਹਨ।

- ਸਟੇਟ ਦੀਆਂ ਖ਼ਾਸ ਚੋਣਾਂ ਲਈ ਆਪਣੀ ਪਾਰਟੀ ਦੇ ਉਮੀਦਵਾਰ ਚੁਣਦੇ ਹਨ।
- ਆਪਣੀ ਸਿਆਸੀ ਪਾਰਟੀ ਲਈ ਕਾਉਂਟੀ ਦੇ ਆਗੂਆਂ ਵਾਸਤੇ ਵੋਟ ਪਾਉਂਦੇ ਹਨ।
- ਕਾਉਂਟੀ ਦੀ ਪਾਰਟੀ ਦੇ ਬਜਟ ਅਤੇ ਹੋਰ ਅੰਦਰੂਨੀ ਪਾੱਲਿਸੀਆਂ ਨੂੰ ਮੰਜ਼ੂਰੀ ਦਿੰਦੇ ਹਨ।

### ਡਿਸਟ੍ਰਿਕਟ ਲੀਡਰ


ਹਰ ਕਾਉਂਟੀ ਵਿੱਚ ਸਿਆਸੀ ਪਾਰਟੀਆਂ ਚਲਾਉਣ ਲਈ ਡਿਸਟ੍ਰਿਕਟ ਲੀਡਰ ਮਦਦ ਕਰਦੇ ਹਨ। ਡਿਸਟ੍ਰਿਕਟ ਆਗੂ ਦੋ-ਸਾਲ ਦੀ ਮਿਆਦ ਲਈ ਸੇਵਾ ਦਿੰਦੇ ਹਨ।

- ਪੋਲ ਵਰਕਰਾਂ ਨੂੰ ਨਾਮਜ਼ਦ ਕਰਨ ਲਈ ਸ਼ਹਿਰੀ ਚੋਣ ਬੋਰਡ (Board of Elections) ਨਾਲ ਕੰਮ ਕਰਦੇ ਹਨ।
- ਸਿਵਿਲ ਅਤੇ ਸੁਪਰੀਮ ਅਦਾਲਤ ਵਿੱਚ ਜੱਜ ਦੇ ਅਹੁਦਿਆਂ ਲਈ ਉਮੀਦਵਾਰਾਂ ਨੂੰ ਨਾਮਜ਼ਦ ਕਰਦੇ ਹਨ।
- ਆਪਣੀ ਪਾਰਟੀ ਦੀ ਲੀਡਰਸ਼ਿਪ ਅਤੇ ਨੇਮਾਂ ਲਈ ਵੋਟ ਪਾਉਂਦੇ ਹਨ।

## ਨਿਊਯਾਰਕ ਸਿਟੀ ਕੌਂਸਲ ਦਾ ਨਕਸ਼ਾ

- NYC ਵਿੱਚ 51 ਸਿਟੀ ਕੌਂਸਲ ਡਿਸਟ੍ਰਿਕਟ ਹਨ
- ਹਰੇਕ ਡਿਸਟ੍ਰਿਕਟ ਵਿੱਚ ~170,000 ਵੋਟਰ ਰਹਿੰਦੇ ਹਨ
- ਸਿਟੀ ਕੌਂਸਲ NYC ਦੇ ~$100 ਅਰਬ ਦੇ ਬਜਟ ਨੂੰ ਮੰਜ਼ੂਰੀ ਦਿੰਦੀ ਹੈ

**ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ findmypollsite.vote.nyc 'ਤੇ ਪਤਾ ਲਗਾਓ।**




## ਸਿਟੀ ਕੌਂਸਲ ਮੈਂਬਰ ਮੈਂਬਰ ਦੀ ਜ਼ਿੰਦਗੀ ਦਾ ਇੱਕ ਦਿਨ

### ਸਿਟੀ ਕੌਂਸਲ ਮੈਂਬਰ ਤੁਹਾਡੇ ਲਈ ਕੀ ਕਰਦੇ ਹਨ?

- ਰਿਹਾਇਸ਼, ਸਿਹਤ ਸੰਭਾਲ, ਸਿੱਖਿਆ, ਜਨਤਕ ਸੁਰੱਖਿਆ, ਅਤੇ ਹੋਰ ਬਹੁਤ ਸਾਰੇ ਮੁੱਦਿਆਂ 'ਤੇ ਬਿੱਲਾਂ ਦਾ ਖਰੜਾ ਤਿਆਰ ਕਰਦੇ ਹਨ ਅਤੇ ਵੋਟ ਪਾਉਂਦੇ ਹਨ। ਕੌਂਸਲ ਮੈਂਬਰ ਬੁਜ਼ੁਰਗਾਂ ਤੋਂ ਲੈ ਕੇ ਨੌਜਵਾਨ ਬਾਰੇ ਸੇਵਾਵਾਂ ਦੇ ਮੁੱਦਿਆਂ ਸਬੰਧੀ ਕਮੇਟੀਆਂ ਵਿੱਚ ਵੀ ਸ਼ਾਮਲ ਹੋ ਸਕਦੇ ਹਨ।
- ਸ਼ਹਿਰ ਦਾ ~$100 ਅਰਬ ਦਾ ਬਜਟ ਤਿਆਰ ਕਰਨ ਅਤੇ ਮੰਜ਼ੂਰੀ ਦੇਣ ਲਈ ਮੇਅਰ ਨਾਲ ਕੰਮ ਕਰਦੇ ਹਨ। ਹਰੇਕ ਕੌਂਸਲ ਮੈਂਬਰ ਆਪਣੇ ਡਿਸਟ੍ਰਿਕਟ ਵਿੱਚ ਸਕੂਲ ਬਣਾਉਣ ਅਤੇ ਸੁਧਾਰ ਕਰਨ ਲਈ $5 ਮਿਲੀਅਨ ਦੇ ਬਜਟ ਦਾ ਪ੍ਰਬੰਧ ਕਰਦੇ ਹਨ, ਅਤੇ ਗੈਰ-ਲਾਭਕਾਰੀ ਸੰਸਥਾਵਾਂ ਦੀ ਸਹਾਇਤਾ ਵਾਸਤੇ ~$500,000 ਦੇ ਵਾਧੂ ਬਜਟ ਦਾ ਪ੍ਰਬੰਧ ਵੀ ਕਰਦੇ ਹਨ।
- ਨਿਊਯਾਰਕ ਸ਼ਹਿਰ ਪੁਲਿਸ ਵਿਭਾਗ ਅਤੇ ਨਿਊਯਾਰਕ ਸ਼ਹਿਰ ਸਿੱਖਿਆ ਵਿਭਾਗ ਸਮੇਤ ਨਿਊਯਾਰਕ ਵਾਸੀਆਂ ਦੀ ਸੇਵਾ ਕਰਨ ਵਾਲੀਆਂ ਸਿਟੀ ਏਜੰਸੀਆਂ ਦੀ ਨਿਗਰਾਨੀ ਕਰਦੇ ਹਨ।
- ਪੂਰੇ ਸ਼ਹਿਰ ਵਿੱਚ ਇਮਾਰਤ ਅਤੇ ਜ਼ਮੀਨ ਦੀ ਵਰਤੋਂ ਦਾ ਪਤਾ ਲਾਉਂਦੇ ਹਨ, ਜਿਸ ਵਿੱਚ ਸੰਪਤੀ ਦੇ ਮਾਲਕਾਂ ਲਈ ਜ਼ੋਨਿੰਗ ਦੀ ਨਿਗਰਾਨੀ ਕਰਨਾ, ਲੈਂਡਮਾਰਕਾਂ ਨੂੰ ਸੁਰੱਖਿਅਤ ਕਰਨਾ, ਅਤੇ ਸ਼ਹਿਰ ਦੀ ਜ਼ਮੀਨ ਅਤੇ ਜਨਤਕ ਸਹੂਲਤਾਂ ਦਾ ਪ੍ਰਬੰਧ ਕਰਨਾ ਸ਼ਾਮਲ ਹੈ।
- ਤੁਹਾਡੇ ਜਿਹੇ ਵੋਟਰਾਂ ਦੀ ਸਹਾਇਤਾ ਕਰਦੇ ਹਨ। ਕੌਂਸਲ ਮੈਂਬਰ ਅਤੇ ਉਨ੍ਹਾਂ ਦੇ ਦਫ਼ਤਰ ਟੈਕਸ ਦੀ ਤਿਆਰੀ, ਕਿਫਾਇਤੀ ਰਿਹਾਇਸ਼, ਰੁੱਖ ਲਗਾਉਣ, ਗੰਦੇ ਫੁੱਟਪਾਥ, ਟੋਇਆਂ, ਪੈਦਲ ਯਾਤਰੀਆਂ ਦੀ ਸੁਰੱਖਿਆ ਅਤੇ ਹੋਰ ਬਹੁਤ ਸਾਰੇ ਮੁੱਦਿਆਂ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ। ਜੇ ਤੁਹਾਨੂੰ ਮਦਦ ਚਾਹੀਦੀ ਹੈ, ਤਾਂ ਆਪਣੇ ਕੌਂਸਲ ਮੈਂਬਰ ਨਾਲ ਸੰਪਰਕ ਕਰੋ!

# ਸਿਟੀ ਕੌਂਸਲ ਡਿਸਟ੍ਰਿਕਟ 19

**ਲੋਕਰਾਜੀ**

- ਟੋਨੀ ਅਵੈਲਾ
- ਕ੍ਰਿਸਟੋਫਰ ਬੇਅ
- ਪੱਲ D ਗ੍ਰੈਜ਼ਿਆਨੋ

ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 45 'ਤੇ ਹੋਰ ਜਾਣੋ।

ਉਮੀਦਵਾਰਾਂ ਦੀ ਬਿਲਕੁਲ ਨਵੀਂ ਸੂਚੀ ਵੇਖਣ ਲਈ, ਉਮੀਦਵਾਰ ਦੀ ਵੀਡੀਓ ਦਾ ਪਤਾ ਲਾਓ, ਮਸਲੇ ਦੀਆਂ ਸਥਿਤੀਆਂ ਦਾ ਮੁਕਾਬਲਾ ਕਰਨ ਲਈ ਅਤੇ ਮਸਲੇ ਦੀਆਂ ਸਥਿਤੀਆਂ ਦਾ ਮੁਕਾਬਲਾ ਕਰਨ ਲਈ **punjabi.nycvotes.org/candidates** 'ਤੇ ਜਾਓ।



## ਟੋਨੀ ਅਵੈਲਾ

ਲੋਕਰਾਜੀ

**ਮੁੱਖ 3 ਮਸਲੇ:**

1. ਜੁਰਮ ਘਟਾਉਣਾ, ਇਸ ਵਿੱਚ ਨਫ਼ਰਤੀ ਜੁਰਮ ਸ਼ਾਮਿਲ ਹਨ
2. ਇੱਕ-ਦੋ ਪਰਿਵਾਰਕ ਘਰਾਂ ਨੂੰ ਬਚਾਉਣਾ
3. ਕੱਲਿਜ ਪੁਆਇੰਟ ਦੀਆਂ ਸੜਕਾਂ ਫ਼ੌਰਨ ਠੀਕ ਕਰਨੀਆਂ

*"ਸਿਟੀ/ਸਟੇਟ ਸਰਕਾਰ, ਭਾਈਚਾਰਕ ਸਰਗਰਮੀ ਅਤੇ ਨੌਰਥਈਸਟ ਕੁਈਨਸ ਬਾਰੇ ਜਾਣਕਾਰੀ ਵਿਚਲਾ ਮੇਰਾ ਪਿਛਲਾ ਅਨੁਭਵ ਜ਼ਿੰਦਗੀ ਦੀ ਸਾਡੀ ਨਿਘਰਦੀ ਜਾ ਰਹੀ ਕੁਆਲਿਟੀ ਮੁੜ ਬਹਾਲ ਕਰਨ, ਛੋਟੇ ਕਾਰੋਬਾਰਾਂ ਦੀ ਮਦਦ ਕਰਨ ਅਤੇ ਸਭ ਤੋਂ ਅਹਿਮ ਤਰੀਕੇ ਨਾਲ ਪੁਲਿਸ ਦੀ ਹਿਮਾਇਤ ਕਰਨ ਅਤੇ ਜੁਰਮ ਘੱਟ ਕਰਨ ਲਈ "ਪਹਿਲੇ ਦਿਨ" ਹੀ ਕੰਮ ਕਰਨ ਦੇ ਸਮਰੱਥ ਬਣਾਏਗਾ। ਮੈਂ SHSAT ਬਣਾਈ ਰੱਖਣ, ਗਿਫ਼ਟਿਡ ਅਤੇ ਟੇਲੈਂਟਿਡ ਪ੍ਰੋਗਰਾਮਾਂ ਦਾ ਪਸਾਰ ਕਰਨ, ਸੀਨੀਅਰ ਨਾਗਰਿਕਾਂ ਬਾਰੇ ਪ੍ਰੋਗਰਾਮ ਵਧਾਉਣ ਅਤੇ ਨਵੇਂ ਸੀਨੀਅਰ ਸੈਂਟਰ ਬਣਾਉਣ ਲਈ ਜੱਦੋ-ਜਹਿਦ ਕਰਦਾ ਰਹਾਂਗਾ। ਕੁਈਨਸ ਡੈਮੋਕ੍ਰੈਟਿਕ ਪਾਰਟੀ, ਸਟੇਟ ਸੈਨੇਟਰ, ਟੋਬੀ ਸਟਾਵਿਸਕੀ ਅਤੇ ਅਸੈਂਬਲੀਮੈਨ ਐਡ ਬ੍ਰੌਨਸਟੀਨ ਅਤੇ ਡੇਵਿਡ ਵੈਪ੍ਰਿਨ ਵਲੋਂ ਮੇਰੀ ਹਿਮਾਇਤ ਕੀਤੀ ਗਈ ਹੈ।"*

**ਮੌਜੂਦਾ ਕੰਮ-ਧੰਦਾ:** ਰਿਟਾਇਰਡ

**ਪਿਛਲਾ ਕੰਮ-ਧੰਦਾ:** ਸਟੇਟ ਸੈਨੇਟਰ (2010-2018)

**ਸਿੱਖਿਆ:** BA ਹੰਟਰ ਕੱਲਿਜ ਪੌਲੀਟਿਕਲ ਸਾਇੰਸ

**ਸੰਸਥਾਗਤ ਸਬੰਧ:** ਮੈਂਬਰ; ਨਾਈਟਸ ਆੱਫ਼ ਕੋਲੰਬਸ; ਨਾਈਟਸ ਆੱਫ਼ ਪਿਥੀਆਸ; ਮੇਸਨਸ

**ਪਹਿਲਾਂ ਦਾ ਸਰਕਾਰੀ ਅਨੁਭਵ:** ਸਿਟੀ ਕੌਂਸਲ ਮੈਂਬਰ, ਜ਼ੋਨਿੰਗ ਚੇਅਰਪਰਸਨ (2001-2009), ਮੇਅਰਸ ਕੋਚ ਅਤੇ ਡਿੰਕਿਨਸ ਦਾ ਸਹਾਇਕ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ



## ਕ੍ਰਿਸਟੋਫਰ ਬੇਅ ✓

ਲੋਕਰਾਜੀ

**ਮੁੱਖ 3 ਮਸਲੇ:**

1. ਜੁਰਮ ਦੀ ਰੋਕਥਾਮ
2. ਜਨਤਕ ਸੁਰੱਖਿਆ
3. ਆਪਣੇ ਸਕੂਲਾਂ ਨੂੰ ਬਿਹਤਰ ਬਣਾਉਣਾ

*"ਕੁਈਨਸ ਦੇ ਮੂਲ ਵਸਨੀਕ ਵਜੋਂ, ਮੈਨੂੰ ਕੁਈਨਸ ਵਿੱਚ ਕੈਰੀਅਰ ਪ੍ਰੌਸੀਕਿਊਟਰ ਵਜੋਂ ਕੰਮ ਕਰਨ ਦਾ ਮਾਣ ਮਿਲਿਆ ਹੈ, ਜਿੱਥੇ ਮੈਂ ਹਿੰਸਕ ਜੁਰਮਾਂ ਬਾਰੇ ਮੁਕੱਦਮਾ ਚਲਾਇਆ ਅਤੇ ਪੀੜਤਾਂ ਦੇ ਹੱਕਾਂ ਲਈ ਜੱਦੋ-ਜਹਿਦ ਕੀਤੀ ਸੀ। ਪਹਿਲੀ ਪੀੜ੍ਹੀ ਦੇ ਕੋਰਿਆਈ ਅਮਰੀਕੀ ਅਤੇ ਇੱਕ ਐਜੂਕੇਟਰ ਅਤੇ ਯੂਨੀਅਨ ਮੈਂਬਰ ਦੇ ਪੁੱਤਰ ਦੇ ਤੌਰ 'ਤੇ ਮੇਰੀ ਪਰਵਰਿਸ਼ ਦੌਰਾਨ ਮੈਨੂੰ ਪਤਾ ਹੈ ਕਿ ਕੰਮ ਕਰਨ ਵਾਲੇ ਪਰਿਵਾਰਾਂ ਲਈ ਢੁਕਵੀਂ ਨੁਮਾਇੰਦਗੀ ਕਿੰਨੀ ਅਹਿਮ ਹੈ। ਮੈਂ ਸਾਰਿਆਂ ਨੂੰ ਸੁਰੱਖਿਅਤ ਅਤੇ ਮਜ਼ਬੂਤ ਕੁਈਨਸ ਦੇਣ ਲਈ ਚੋਣ ਲੜ ਰਿਹਾ ਹਾਂ।"*

**ਮੌਜੂਦਾ ਕੰਮ-ਧੰਦਾ:** ਪੂਰੇ ਸਮੇਂ ਦਾ ਉਮੀਦਵਾਰ

**ਪਿਛਲਾ ਕੰਮ-ਧੰਦਾ:** ਸਹਾਇਕ ਜ਼ਿਲ੍ਹਾ ਅਟਾਰਨੀ, ਕੁਈਨਸ DA

**ਪੜ੍ਹਾਈ:** SUNY ਬਿੰਘੈਂਪਟਨ, CUNY ਲੱਅ ਸਕੂਲ

**ਸੰਸਥਾਗਤ ਸਬੰਧ:** ਬੋਰਡ ਮੈਂਬਰ, ਨਿਊਯਾਰਕ ਦੀ ਏਸ਼ੀਅਨ ਅਮਰੀਕੀ ਬਾਰ ਐਸੋਸੀਏਸ਼ਨ; ਬੋਰਡ ਮੈਂਬਰ, ਗ੍ਰੇਟਰ ਨਿਊਯਾਰਕ ਦੀ ਕੋਰਿਆਈ ਅਮਰੀਕੀ ਲਾੱਇਰਸ ਐਸੋਸੀਏਸ਼ਨ; ਨੈਸ਼ਨਲ ਏਸ਼ੀਅਨ ਪੈਸੀਫ਼ਿਕ ਆਈਲੈਂਡਰ ਪ੍ਰੌਸੀਕਿਊਟਰਸ ਐਸੋਸੀਏਸ਼ਨ

**ਪਹਿਲਾਂ ਦਾ ਸਰਕਾਰੀ ਅਨੁਭਵ:** ਪ੍ਰਵਾਸੀ ਮਾਮਲਿਆਂ ਬਾਰੇ ਕੁਈਨਸ DA ਦਫ਼ਤਰ ਲਈ ਭਾਈਚਾਰਕ ਤਾਲਮੇਲ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ



## ਪਾੱਲ D ਗ੍ਰੈਜ਼ਿਆਨੋ ✓

ਲੋਕਰਾਜੀ

**ਮੁੱਖ 3 ਮਸਲੇ:**

1. ਆਪਣੀ ਘੱਟ-ਅਬਾਦੀ ਵਾਲੀ ਜ਼ੋਨਿੰਗ ਦੀ ਰਾਖੀ ਕਰਨੀ
2. ਜੁਰਮ/ਜਨਤਕ ਸੁਰੱਖਿਆ
3. ਵਿਦਿਅਕ ਵੰਗਾਰਾਂ ਅਤੇ ਮੌਕੇ

*"ਇਹ ਸਭ ਕੁਝ ਸਾਡੇ ਘਰਾਂ ਨਾਲ ਸ਼ੁਰੂ ਹੁੰਦਾ ਹੈ। ਜੇ ਸਾਡੇ ਗੁਆਂਢਚਾਰੇ ਬਰਬਾਦ ਹੁੰਦੇ ਹਨ, ਤਾਂ ਬਾਕੀਆਂ ਨੂੰ ਕੋਈ ਫ਼ਰਕ ਨਹੀਂ ਪੈਂਦਾ।'*

*2022 ਵਿੱਚ, ਸਰਕਾਰ। ਕੈਥੀ ਹੌਚੁਲ ਨੇ ਪੂਰੀ ਸਟੇਟ ਵਿੱਚ ਸਾਡੇ 1-ਪਰਿਵਾਰ ਦੇ ਸਟੇਟ ਭਰ ਦੇ ਗੁਆਂਢਚਾਰੇ ਨੂੰ ਤਬਾਹ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ NYC ਵਿੱਚ ਸਾਰੀਆਂ ਗ਼ੈਰਕਾਨੂੰਨੀ ਧਰਮ-ਤਬਦੀਲੀਆਂ ਲਈ ਪੂਰੀ ਮਾਫ਼ੀ ਦਿੱਤੀ ਸੀ – ਅਤੇ ਉਹ ਇਸ ਨੂੰ ਫਿਰ ਤੋਂ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।*

*ਇਸ ਮੁਕਾਬਲੇ ਵਿੱਚ ਸਟੇਟ ਭਰ ਦੇ ਲੀਡਰ ਵਜੋਂ, ਫਿਰ ਮੈਂ ਉਸ ਨੂੰ ਰੋਕਿਆ ਅਤੇ ਹੁਣ ਵੀ ਮੈਂ ਉਸ ਨੂੰ ਰੋਕਾਂਗਾ।*

*30 ਸਾਲਾਂ ਤੋਂ, ਮੈਂ NE ਕੁਈਨਸ ਵਿੱਚ ਆਪਣੇ ਗੁਆਂਢਚਾਰਿਆਂ ਦੀ ਰਾਖੀ ਕਰ ਰਿਹਾ ਹਾਂ। ਮੈਂ ਜ਼ਿੰਦਗੀ ਦੇ ਆਪਣੇ ਮਿਆਰ ਅਤੇ ਜਾਇਦਾਦ ਦੀਆਂ ਕੀਮਤਾਂ ਬਣਾਈ ਰੱਖਣ ਲਈ ਹਮੇਸ਼ਾ ਮੁਕਾਬਲਾ ਕਰਾਂਗਾ।"*

**ਮੌਜੂਦਾ ਕੰਮ-ਧੰਦਾ:** ਸ਼ਹਿਰੀ ਯੋਜਨਾਬੰਦੀ/ਜ਼ਮੀਨ ਦੀ ਵਰਤੋਂ/ਇਤਿਹਾਸਕ ਸੰਭਾਲ ਬਾਰੇ ਸਲਾਹਕਾਰ

**ਪਿਛਲਾ ਕੰਮ-ਧੰਦਾ:** ਉਹੀ

**ਪੜ੍ਹਾਈ:** MS ਸ਼ਹਿਰੀ ਮਾਮਲੇ, ਹੰਟਰ ਕਾੱਲਿਜ/BA ਤੁਲਨਾਤਮਕ ਸਾਹਿਤ, UMASS/ ਸਾਇੰਸ ਦਾ Bx HS

**ਸੰਸਥਾਗਤ ਸਬੰਧ:** ਨਾੱਰਥਈਸਟ ਕੁਈਨਸ ਵਿੱਚ ਕਈ ਸਿਵਿਕ/ਹੋਮਓਨਰ ਐਸੋਸੀਏਸ਼ਨ

**ਪਹਿਲਾਂ ਦਾ ਸਰਕਾਰੀ ਅਨੁਭਵ:** ਦਰਜਨਾਂ ਸੰਸਥਾਵਾਂ/ਕਈ ਚੁਣੇ ਗਏ ਅਧਿਕਾਰੀ ਦਾ ਸਲਾਹਕਾਰ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

| | **ਟੋਨੀ ਅਵੈਲਾ** ✓<br>ਲੋਕਰਾਜੀ | **ਕ੍ਰਿਸਟੋਫਰ ਬੇਅ** ✓<br>ਡੈਮੋਕ੍ਰੈਟਿਕ |
|---|---|---|
| **ਅਪਰਾਧ** | ਮੈਂ ਪੁਲਿਸ ਦੀ ਹਿਮਾਇਤ ਕਰਾਂਗੀ ਅਤੇ NYPD ਨੂੰ ਡੀਫ਼ੰਡ ਕਰਨ ਦੀ ਕਿਸੇ ਵੀ ਕੋਸ਼ਿਸ਼ ਦੇ ਖ਼ਿਲਾਫ਼ ਵੋਟ ਪਾਵਾਂਗੀ। ਮੈਂ ਨੌਰਥਈਸਟ ਕੁਈਨਸ ਵਿੱਚ ਇੱਕ ਨਵਾਂ ਜ਼ੋਨ ਬਣਾਉਣ ਦੀ ਹਿਮਾਇਤ ਕਰਦੀ ਹਾਂ ਅਤੇ ਫ਼ੰਡ ਤਿਆਰ ਕਰਾਂਗੀ ਅਤੇ ਏਸ਼ਿਆਈ-ਵਿਰੋਧੀ, ਯਹੂਦੀ-ਵਿਰੋਧੀ ਅਤੇ LGBTQ+ਵਿਰੋਧੀ ਹਮਲਿਆਂ ਵਿਚਲੇ ਵਾਧਿਆਂ ਨਾਲ ਨਜਿੱਠਣ ਲਈ ਨਫ਼ਰਤ ਨਾਲ ਜੁੜੇ ਜੁਰਮਾਂ ਲਈ ਸਜ਼ਾ ਦੁਗੁਣੀ ਕਰਾਂਗੀ। | ਕੁਈਨਸ ਵਿੱਚ ਪ੍ਰੋਸੀਕਿਉਟਰ ਵਜੋਂ, ਮੈਂ ਪਿਛਲੇ ਸੱਤ ਸਾਲਾਂ ਤੋਂ ਹਰ ਰੋਜ਼ ਜੁਰਮ ਦੇ ਪੀੜਤਾਂ ਲਈ ਮੁਕੱਦਮੇ ਲੜਦਾ ਹਾਂ। ਕਾਨੂੰਨ ਦਾ ਰਾਜ ਸਾਡੇ ਭਾਈਚਾਰਿਆਂ ਦੇ ਲੋਕਾਂ ਲਈ ਸਾਡੇ ਫ਼ੌਜਦਾਰੀ ਨਿਆ-ਪ੍ਰਬੰਧ ਵਿੱਚ ਭਰੋਸਾ ਕਰਨ ਅਤੇ ਮਾੜੇ ਲੋਕਾਂ ਨੂੰ ਜੁਰਮ ਕਰਨ ਤੋਂ ਰੋਕਣ ਲਈ ਜ਼ਰੂਰੀ ਹੈ। |
| **ਮਹਿੰਗਾਈ** | ਮਹਿੰਗਾਈ ਨਾਲ ਨਜਿੱਠਣ ਲਈ ਵਸਨੀਕਾਂ ਦੀ ਮਦਦ ਕਰਨ ਵਾਸਤੇ, ਮੈਂ ਗੈਸੋਲੀਨ ਦੇ ਟੈਕਸ, ਮਕਾਨ-ਮਾਲਕ/ਕੌਂਡੋ/ਸਹਿਕਾਰੀ ਜਾਇਦਾਦ ਟੈਕਸਾਂ ਅਤੇ ਛੋਟੇ ਕਾਰੋਬਾਰ ਦੇ ਟੈਕਸਾਂ ਵਿੱਚ ਕਮੀ ਕੀਤੇ ਜਾਣ ਦੀ ਹਿਮਾਇਤ ਕਰਦੀ ਹਾਂ, ਜਿਸ ਵਿਚਲੀ ਬਚਤ ਖਪਤਕਾਰ ਨੂੰ ਦਿੱਤੀ ਜਾਂਦੀ ਹੈ। ਮੈਂ ਪਰਚੀਆਂ 'ਤੇ ਲਿਖੀਆਂ ਦਵਾਈਆਂ ਦੀ ਵੱਧ ਲਾਗਤ ਘਟਾਉਣ ਲਈ ਸਹਾਇਤਾ ਪ੍ਰੋਗਰਾਮ ਬਣਾਉਣ ਦੀ ਵੀ ਹਿਮਾਇਤ ਕਰਦੀ ਹਾਂ। | ਕੰਮ ਕਰਨ ਵਾਲੇ ਵਰਗ ਦੇ ਪਰਿਵਾਰ ਸਾਡੇ ਭਾਈਚਾਰੇ ਦਾ ਧੁਰਾ ਹਨ ਅਤੇ ਵਧਦੀ ਮਹਿੰਗਾਈ ਨੇ ਪਰਿਵਾਰਾਂ ਲਈ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਨ ਨੂੰ ਮੁਸ਼ਕਿਲ ਬਣਾ ਦਿੱਤਾ ਹੈ। ਸਾਡੇ ਲੀਡਰਾਂ ਨੂੰ ਇਹ ਯਕੀਨੀ ਬਣਾਉਣ ਲਈ ਮਹਿੰਗਾਈ ਨਾਲ ਨਜਿੱਠਣ ਲਈ ਮਿਲਕੇ ਕੰਮ ਕਰਨਾ ਚਾਹੀਦਾ ਹੈ ਕਿ ਸਾਡੇ ਬੱਚੇ ਭੁੱਖੇ ਨਾ ਰਹਿਣ ਜਾਂ ਘਰ ਦੀ ਮਾਲਕੀ ਪਹੁੰਚ ਤੋਂ ਬਾਹਰ ਨਾ ਹੋਵੇ। |
| **ਲੋਕਰਾਜ ਦੀ ਰਾਖੀ ਕਰਨਾ** | ਵੋਟਿੰਗ ਸਿਸਟਮਾਂ/ਚੋਣ ਅਫ਼ਸਰਾਂ ਨੂੰ ਸਿਆਸੀ ਦਖ਼ਲਅੰਦਾਜ਼ੀ ਤੋਂ ਬਚਾਉਣਾ ਆਪਣੇ ਲੋਕਰਾਜ ਨੂੰ ਬਣਾਈ ਰੱਖਣ ਦਾ ਤਰੀਕਾ ਹੈ। ਵੋਟਿੰਗ ਦੇ ਹੱਕ ਦੀ ਰਾਖੀ ਕਰਨ/ਵੋਟਿੰਗ ਨੂੰ ਅਸਾਨ ਬਣਾਉਣਾ ਵੀ ਬਹੁਤ ਅਹਿਮ ਗੱਲ ਹੈ। ਵੋਟਰ ਨੂੰ ਡਰਾਉਣ/ਧਮਕਾਉਣ ਨੂੰ ਰੋਕਣ ਲਈ ਵੋਟ ਪਾਉਣ ਵਾਲੀਆਂ ਥਾਵਾਂ 'ਤੇ ਚੋਣ ਦੇ ਦਿਨਾਂ 'ਤੇ ਪ੍ਰਚਾਰ 'ਤੇ ਵੀ ਰੋਕ ਲਾਉਣ ਵਿੱਚ ਮੈਨੂੰ ਭਰੋਸਾ ਹੈ। | ਸਿਆਸੀ ਅਮਲ ਵਿੱਚ ਇਮਾਨਦਾਰੀ ਦੀ ਘਾਟ ਹੈ। ਜਦੋਂ ਅਯੋਗ ਉਮੀਦਵਾਰ ਜਨਤਕ ਦਫ਼ਤਰ ਵਿੱਚ ਸ਼ਾਮਿਲ ਹੋਣ ਲਈ ਝੂਠ ਦੀ ਵਰਤੋਂ ਕਰਦੇ ਹਨ ਅਤੇ ਜਿਸ ਸਮੇਂ ਸਾਡੇ ਚੁਣੇ ਹੋਏ ਅਧਿਕਾਰੀ ਉਹਨਾਂ ਉਮੀਦਵਾਰਾਂ ਦੀ ਹਿਮਾਇਤ ਕਰਦੇ ਹਨ, ਤਾਂ ਸਾਡੇ ਭਾਈਚਾਰੇ ਨੂੰ ਸਿਆਸੀ ਅਮਲ ਵਿੱਚ ਭਰੋਸਾ ਨਹੀਂ ਰਹਿੰਦਾ। ਲੋਕਰਾਜ ਨੂੰ ਬਹਾਲ ਕਰਨ ਲਈ, ਮੈਂ ਇੱਕ ਨਵੀਂ ਸਮਝਦਾਰ ਅਵਾਜ਼ ਹਾਂ। |

## ਪਾੱਲ D ਗ੍ਰੈਜ਼ਿਆਨੋ ✓

ਡੈਮੋਕ੍ਰੈਟਿਕ

19ਵੀਂ CD ਵਿੱਚ ਜੁਰਮ/ਜਨਤਕ ਸੁਰੱਖਿਆ ਸਿਖਰ ਦੇ 3 ਮੁੱਦਿਆਂ ਵਿੱਚੋਂ ਇੱਕ ਹੈ। ਸਾਡਾ ਸ਼ਹਿਰ ਮਹਾਮਾਰੀ ਤੋਂ ਪਹਿਲਾਂ ਨਾਲੋਂ ਘੱਟ ਸੁਰੱਖਿਅਤ ਹੈ ਅਤੇ ਤੇਜ਼ੀ ਨਾਲ ਕੀਤੇ ਜਾ ਰਹੇ ਜੁਰਮ ਬੇਸ਼ਰਮੀ ਵਾਲੇ, ਮਿੱਥੇ ਹੋਏ ਅਤੇ ਨਫ਼ਰਤ ਭਰੇ ਹਨ। ਸਾਨੂੰ ਹੋਰ ਪੁਲਿਸ ਦੀ ਲੋੜ ਹੈ ਅਤੇ ਮੈਂ 109ਵੇਂ ਨੂੰ ਦੋ ਨਵੀਆਂ ਹੱਦਾਂ ਵਿੱਚ ਵੰਡਣ ਦੀ ਹਿਮਾਇਤ ਕਰਦਾ ਹਾਂ।

ਪਿਛਲੇ ਸਾਲ, ਘੱਟ ਆਮਦਨੀ ਵਾਲੇ ਪਰਿਵਾਰਾਂ ਨੂੰ ਨੁਕਸਾਨ ਪਹੁੰਚਾਉਂਦਿਆਂ, ਮਹਿੰਗਾਈ 40 ਸਾਲਾਂ ਦੇ ਸਭ ਤੋਂ ਉਪਰਲੇ ਪੱਧਰ 'ਤੇ ਪਹੁੰਚ ਗਈ ਹੈ। NYC ਵਿੱਚ, ਇਸਦਾ ਮਤਲਬ ਹੈ, ਮੌਜੂਦਾ $15/ਘੰਟੇ ਦੀ ਘੱਟੋ-ਘੱਟ ਉਜਰਤ ਵਾਲੇ ਦੀ ਖ਼ਰੀਦ-ਤਾਕਤ ਵਿੱਚ ਕਮੀ (2019 ਤੋਂ ਉਸੇ ਤਰ੍ਹਾਂ) ਹੋਈ ਹੈ। ਲੋੜਵੰਦਾਂ ਦੀ ਮਦਦ ਕਰਨ ਲਈ ਮੇਰਾ ਇਹ ਹੱਲ ਹੈ ਕਿ ਘੱਟੋ-ਘੱਟ ਉਜਰਤ ਵਿੱਚ ਮਹਿੰਗਾਈ ਅਨੁਸਾਰ ਵਾਧਾ ਕਰਨਾ।

ਮੇਰੀ ਪਤਨੀ ਐਲਜ਼ਬੀਟਾ, ਪੋਲੈਂਡ ਵਿੱਚ ਕਮਿਊਨਿਜ਼ਮ ਹੇਠ ਵੱਡੀ ਹੋਈ ਹੈ ਅਤੇ ਉਸਨੇ ਮੈਨੂੰ ਦੱਸਿਆ ਹੈ ਕਿ ਤਾਨਾਸ਼ਾਹੀ ਵਿੱਚ ਜ਼ਿੰਦਗੀ ਜੀਣੀ ਕਿਸ ਤਰ੍ਹਾਂ ਦੀ ਸੀ। ਹਾਲਾਂਕਿ ਸਾਡਾ ਲੋਕਰਾਜ ਲਚੀਲਾ ਹੈ, ਪਰ ਅਸੀਂ ਹਾਲ ਹੀ ਵਿੱਚ ਵੇਖਿਆ ਹੈ ਕਿ ਇਹ ਨਾਜ਼ਕ ਵੀ ਹੈ। ਸਾਨੂੰ *ਹਮੇਸ਼ਾ* ਹਕੂਮਤ ਦੀ ਸ਼ਾਂਤੀਪੂਰਣ ਤਬਦੀਲੀ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ।

# ਤਰਜੀਹੀ ਵੋਟਿੰਗ ਦੀ ਪ੍ਰੈਕਟਿਸ ਕਰਨੀ

**ਸਾਡੀ ਔਨਲਾਈਨ ਪ੍ਰੈਕਟਿਸ ਵਾਲ਼ੀ ਵੋਟ-ਪਰਚੀ 'ਤੇ ਆਪਣੀ ਪਸੰਦ ਦੀ ਰੈਂਕਿੰਗ ਦੀ ਕੋਸ਼ਿਸ਼ ਕਰੋ! ਜੇ ਤੁਹਾਡੀ ਵੋਟ-ਪਰਚੀ ਸਹੀ ਢੰਗ ਨਾਲ ਭਰੀ ਗਈ ਹੈ ਜਾਂ ਜੇ ਤੁਹਾਡੇ ਤੋਂ ਗ਼ਲਤੀ ਹੋਈ ਹੈ, ਤਾਂ ਉਸ ਨੂੰ ਕਿਵੇਂ ਦਰੁਸਤ ਕਰੋ, ਬਾਰੇ ਅਸੀਂ ਤੁਹਾਨੂੰ ਦੱਸਾਂਗੇ।**

**ਇੱਥੇ ਸਕੈਨ ਕਰੋ ਜਾਂ punjabi.nycvotes.org/practice-ballot 'ਤੇ ਜਾਓ**

# ਸਿਟੀ ਕੌਂਸਲ ਡਿਸਟ੍ਰਿਕਟ 20

**ਰਿਪਬਲਿਕਨ**

- ਜਿਨ ਲਿਆਨ ਡੈਨੀ ਚੈਨ ✓
- ਯੁ-ਚਿੰਗ ਜੇਮਸ ਪਈ ✓

✓ ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 45 'ਤੇ ਹੋਰ ਜਾਣੋ।

ਉਮੀਦਵਾਰਾਂ ਦੀ ਬਿਲਕੁਲ ਨਵੀਂ ਸੂਚੀ ਵੇਖਣ ਲਈ, ਉਮੀਦਵਾਰ ਦੀ ਵੀਡੀਓ ਦਾ ਪਤਾ ਲਾਓ, ਮਸਲੇ ਦੀਆਂ ਸਥਿਤੀਆਂ ਦਾ ਮੁਕਾਬਲਾ ਕਰਨ ਲਈ ਅਤੇ ਮਸਲੇ ਦੀਆਂ ਸਥਿਤੀਆਂ ਦਾ ਮੁਕਾਬਲਾ ਕਰਨ ਲਈ **punjabi.nycvotes.org/candidates** 'ਤੇ ਜਾਓ।

---



## ਜਿਨ ਲਿਆਂਗ ਡੈਨੀ ਚੈਨ ✓

ਰਿਪਬਲਿਕਨ

**ਮੁੱਖ 3 ਮਸਲੇ:**

1. ਭਾਈਚਾਰਕ ਸੁਰੱਖਿਆ
2. ਪੁਲਿਸ ਕਵਰੇਜ ਅਤੇ ਫ਼ੰਡਿੰਗ ਵਧਾਉਣੀ
3. ਟ੍ਰੈਫ਼ਿਕ ਦਾ ਭੀੜ-ਭੜੱਕਾ ਘਟਾਉਣਾ

*"ਮੈਂ ਆਪਣੇ ਭਾਈਚਾਰੇ ਲਈ ਜੰਗਜੂ ਅਤੇ ਹਿਮਾਇਤੀ ਰਿਹਾ ਹਾਂ। SHSAT ਦੀ ਸੰਭਾਲ ਕਰਨ ਲਈ ਸੰਘਰਸ਼ ਕਰਨ ਤੋਂ ਲੈਕੇ ਕਾੱਲਿਜ ਪੁਆਇੰਟ ਵਿੱਚ ਅਢੁਕਵੇਂ ਤਰੀਕੇ ਨਾਲ ਯੋਜਨਾਬੱਧ ਸ਼ੈਲਟਰ ਨੂੰ ਬਦਲਣ ਲਈ ਕੰਮ ਕਰਨ ਤੱਕ, ਮੈਂ ਲੋਕਾਂ ਲਈ ਖੜ੍ਹਾ ਹੋਣ ਅਤੇ ਆਪਣੀਆਂ ਭਾਈਚਾਰਕ ਕਦਰਾਂ-ਕੀਮਤਾਂ ਅਤੇ ਜ਼ਿੰਦਗੀ ਦੇ ਮਿਆਰ ਦੀ ਰਾਖੀ ਕਰਨ ਲਈ ਉੱਥੇ ਹੀ ਹੁੰਦਾ ਹਾਂ। ਮੈਂ ਸਿਟੀ ਕੌਂਸਲ ਵਿੱਚ ਤੁਹਾਡੇ ਨੁਮਾਇੰਦੇ ਵਜੋਂ ਇਸ ਭਾਈਚਾਰੇ ਦੇ ਲੋਕਾਂ ਲਈ ਜੰਗ ਜਾਰੀ ਰੱਖਾਂਗਾ।"*

**ਮੌਜੂਦਾ ਕੰਮ-ਧੰਦਾ:** ਏਸ਼ੀਅਨ ਮਾਰਕੀਟਿੰਗ ਬਾਰੇ ਡਾਇਰੈਕਟਰ– ਪ੍ਰੋਹੈਲਥ ਸਾੱਲਿਉਸ਼ਨਸ

**ਪਿਛਲਾ ਕੰਮ-ਧੰਦਾ:** ਲਾਗੂ ਨਹੀਂ

**ਸਿੱਖਿਆ:** ਲਾਗੂ ਨਹੀਂ

**ਸੰਸਥਾਗਤ ਸਬੰਧ:** USA ਦੀ ਚਾਈਨੀਜ਼ ਅਮਰੀਕੀ ਅਲਾਇੰਸ ਦੇ ਬਾਨੀ ਕਾੱਲਿਜ ਪੁਆਇੰਟ ਰੈਜ਼ੀਡੈਂਟਸ ਕੁਲੀਸ਼ਨ ਦੇ ਬਾਨੀ

**ਪਹਿਲਾਂ ਦਾ ਸਰਕਾਰੀ ਅਨੁਭਵ:** ਕਾੱਲਿਜ ਪੁਆਇੰਟ ਜੈਂਡਰ ਸ਼ੈਲਟਰ ਤਬਦੀਲੀ ਦਾ ਸੈਟ-ਅਪ ਤਿਆਰ ਕਰਨ ਵਿੱਚ ਮਦਦ ਕੀਤੀ, NY

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਰਿਪਬਲਿਕਨ



## ਯੁ-ਚਿੰਗ ਜੇਮਸ ਪਈ ✓

ਰਿਪਬਲਿਕਨ

**ਮੁੱਖ 3 ਮਸਲੇ:**

1. ਜਨਤਕ ਸੁਰੱਖਿਆ
2. ਛੋਟੇ ਕਾਰੋਬਾਰਾਂ ਦੀ ਹਿਮਾਇਤ ਕਰਨਾ
3. ਸਿੱਖਿਆ

*"ਚਲੋ ਛੋਟੇ ਕਾਰੋਬਾਰੀਆਂ ਦੀ ਮਦਦ ਅਤੇ ਹਿਮਾਇਤ ਕਰਦੇ ਹਾਂ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਮਿਹਨਤੀ ਲੋਕਾਂ ਅਤੇ ਪਰਿਵਾਰਾਂ ਲਈ ਜ਼ਿੰਦਗੀ ਦੇ ਮਿਆਰ ਵਿੱਚ ਸੁਧਾਰ ਕਰਦੇ ਹਾਂ। ਜਨਤਕ ਸੁਰੱਖਿਆ ਇੱਕ ਵੱਡੀ ਚਿੰਤਾ ਹੈ। ਸਾਡੇ ਬੱਚੇ ਵਿਸ਼ੇਸ਼ ਹਾਈ ਸਕੂਲਾਂ ਅਤੇ ਗਿਫ਼ਟਿਡ ਅਤੇ ਟੇਲੈਂਟਿਡ ਪ੍ਰੋਗਰਾਮਾਂ ਰਾਹੀਂ ਆਪਣੀ ਪੂਰੀ ਸਮਰੱਥਾ ਦਾ ਮੁਜ਼ਾਹਰਾ ਕਰਕੇ ਕੁਆਲਿਟੀ ਵਾਲੀ ਸਿੱਖਿਆ ਅਤੇ ਮੌਕੇ ਦੇ ਹੱਕਦਾਰ ਹਨ। ਸਾਨੂੰ ਤਬਦੀਲੀ ਚਾਹੀਦੀ ਹੈ ਅਤੇ ਤਬਦੀਲੀ ਆਏਗੀ, ਮੈਨੂੰ ਇਹ ਮੌਕਾ ਦਿਓ ਮੇਰੇ ਚੋਣ-ਪ੍ਰਚਾਰ ਦੀ ਹਿਮਾਇਤ ਕਰੋ ਅਤੇ ਮੈਨੂੰ ਵੋਟ ਪਾਓ। 'ਤਬਦੀਲੀ ਤੁਹਾਡੇ ਵਲ ਪਹੁੰਚ ਰਹੀ ਹੈ।'"*

**ਮੌਜੂਦਾ ਕੰਮ-ਧੰਦਾ:** ਸਵੈ-ਰੋਜ਼ਗਾ ਪ੍ਰਮਾਣਿਤ ਸਰਕਾਰੀ ਅਕਾਉਂਟੈਂਟ

**ਪਿਛਲਾ ਕੰਮ-ਧੰਦਾ:** CPA ਫ਼ਰਮਾਂ ਵਿਖੇ ਅਕਾਉਂਟੈਂਟ

**ਪੜ੍ਹਾਈ:** ਨਿਊਯਾਰਕ ਸਟੇਟ ਯੂਨੀਵਰਸਿਟੀ - ਅਲਬਾਨੀ (ਅਕਾਉਂਟਿੰਗ ਵਿੱਚ BS) - 1996

**ਸੰਸਥਾਗਤ ਸਬੰਧ:** ਫ਼ਲਸ਼ਿੰਗ ਸੈਂਟ੍ਰਲ ਲਾੱਇੰਸ ਕਲੱਬ, ਨਿਊਯਾਰਕ ਇੰਕ ਦਾ ਚਾਈਨੀਜ਼ ਚੈਂਬਰ ਆੱਫ਼ ਕੌਮਰਸ, CPAs ਦੀ ਚਾਈਨੀਜ਼ ਅਮਰੀਕਨ ਸੁਸਾਇਟੀ

**ਪਹਿਲਾਂ ਦਾ ਸਰਕਾਰੀ ਅਨੁਭਵ:** ਕੋਈ ਵੀ ਨਹੀਂ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਰਿਪਬਲਿਕਨ

# ਫ਼ਾੱਲੋ ਕਰੋ NYC Votes

**ਸਾਰੀਆਂ ਹਾਲੀਆ ਚੋਣ ਅਪਡੇਟਸ ਲਈ, ਤੁਸੀਂ NYC Votes ਫ਼ਾੱਲੋ ਕਰ ਸਕਦੇ ਹੋ**

**@nycvotes**

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

| | **ਜਿਨ ਲਿਆਂਗ "ਡੈਨੀ" ਚੈਨ** ✓<br>ਰਿਪਬਲਿਕਨ | **ਯੁ-ਚਿੰਗ ਜੇਮਸ ਪਈ** ✓<br>ਰਿਪਬਲਿਕਨ |
|---|---|---|
| **ਅਪਰਾਧ** | ਫ਼ੰਡਿੰਗ ਵਧਾਕੇ, ਸੜਕਾਂ 'ਤੇ ਹੋਰ ਪੁਲਿਸ ਨਫ਼ਰੀ ਮੁਹੱਈਆ ਕਰਕੇ ਅਤੇ ਪ੍ਰਤੀਕਰਮ ਦਾ ਸਮਾਂ ਘਟਾਉਣ ਲਈ ਸੈਟੇਲਾਈਟ ਦੇ ਖੇਤਰੀ ਸਟੇਸ਼ਨ ਨਾਲ ਜੁਰਮ ਘੱਟ ਕਰਨੇ | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। |
| **ਮਹਿੰਗਾਈ** | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। |
| **ਲੋਕਰਾਜ ਦੀ ਰਾਖੀ ਕਰਨਾ** | ਲੋਕਾਂ ਦੀ ਬਿਹਤਰ ਅਵਾਜ਼ ਵੋਟਰਾਂ ਦੀ ਗਿਣਤੀ ਸਬੰਧੀ ਕਵਰੇਜ ਵਿੱਚ ਸੁਧਾਰ ਕਰਕੇ ਲੋਕਰਾਜ ਦੀ ਰਾਖੀ ਕਰਨੀ। | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। |

# ਉਮੀਦਵਾਰ ਦੇ ਵੀਡੀਓ ਵੇਖੋ

ਉਮੀਦਵਾਰਾਂ ਬਾਰੇ ਹੋਰ ਜਾਣਨ ਲਈ ਸਾਡੀ ਔਨਲਾਈਨ ਵੋਟਰ ਗਾਈਡ 'ਤੇ ਜਾਓ! ਆਪਣੀ ਵੋਟ-ਪਰਚੀ 'ਤੇ ਉਮੀਦਵਾਰਾਂ ਬਾਰੇ ਜਾਣਨ ਲਈ ਆਪਣਾ ਪਤਾ ਭਰੋ ਅਤੇ ਫਿਰ ਉਮੀਦਵਾਰ ਦੇ ਵੀਡੀਓ ਵੇਖਣ ਲਈ ਉਹਨਾਂ ਦੇ ਪ੍ਰੋਫ਼ਾਈਲ 'ਤੇ ਜਾਓ।

ਇੱਥੇ ਸਕੈਨ ਕਰੋ ਜਾਂ **punjabi.nycvotes.org/candidates** 'ਤੇ ਜਾਓ

# ਸਿਟੀ ਕੌਂਸਲ ਡਿਸਟ੍ਰਿਕਟ 21

**ਲੋਕਰਾਜੀ**

- ਹਿਰਮ ਮੌਨਸਿਰੇਟ* ✓
- ਫ੍ਰਾਂਸਿਸਕੋ P ਮੋਯਾ ✓

✓ ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 45 'ਤੇ ਹੋਰ ਜਾਣੋ।

ਉਮੀਦਵਾਰਾਂ ਦੀ ਬਿਲਕੁਲ ਨਵੀਂ ਸੂਚੀ ਵੇਖਣ ਲਈ, ਉਮੀਦਵਾਰ ਦੀ ਵੀਡੀਓ ਦਾ ਪਤਾ ਲਾਓ ਅਤੇ ਮਸਲੇ ਦੀਆਂ ਸਥਿਤੀਆਂ ਦੀ ਤੁਲਨਾ ਕਰਨ ਲਈ **punjabi.nycvotes.org/candidates** 'ਤੇ ਜਾਓ।

* ਉਮੀਦਵਾਰ ਨੇ ਇਸ ਛਪੀ ਹੋਈ ਵੋਟਰ ਗਾਈਡ ਵਿੱਚ ਸ਼ਾਮਿਲ ਕਰਨ ਲਈ ਸਮੇਂ ਸਿਰ ਭਰਿਆ ਹੋਇਆ ਪ੍ਰੋਫ਼ਾਈਲ ਸਬਮਿਟ ਨਹੀਂ ਕੀਤਾ ਸੀ।



## ਫ੍ਰਾਂਸਿਸਕੋ P ਮੋਯਾ ✓

ਲੋਕਰਾਜੀ

**ਮੁੱਖ 3 ਮਸਲੇ:**

1. ਕਿਫ਼ਾਇਤੀ ਰਿਹਾਇਸ਼
2. ਸਕੂਲ ਲਈ ਫ਼ੰਡ
3. ਵਰਕਰਾਂ ਦੀ ਸੁਰੱਖਿਆ

*"ਮੈਨੂੰ ਈਸਟ ਐਲਮਹਰਸਟ, ਲੀਫ਼ਰੈਕ ਸਿਟੀ ਅਤੇ 2018 ਤੋਂ ਬਾਅਦ ਸਿਟੀ ਕੌਂਸਲ ਵਿੱਚ ਕੋਰੋਨਾ ਦੀ ਨੁਮਾਇੰਦਗੀ ਕਰਨ ਦਾ ਮਾਣ ਰਿਹਾ ਹੈ। ਮੈਂ ਕੰਮ ਕਰਨ ਵਾਲੇ ਨਿਊਯਾਰਕ ਦੇ ਵਸਨੀਕਾਂ ਲਈ ਜੰਗ ਲੜੀ ਹੈ, ਪ੍ਰਵਾਸੀਆਂ ਦੀ ਵਕਾਲਤ ਕੀਤੀ ਹੈ ਅਤੇ ਪਬਲਿਕ ਸਕੂਲਾਂ ਵਿੱਚ ਅਰਬਾਂ ਡਾਲਰ ਮੁਹੱਈਆ ਕਰਾਏ ਹਨ। ਮੈਨੂੰ ਆਪਣੇ ਭਾਈਚਾਰੇ ਲਈ ਹਜ਼ਾਰਾਂ ਕਿਫ਼ਾਇਤੀ ਰਿਹਾਇਸ਼ ਯੂਨਿਟਾਂ, ਨਵੇਂ ਸਕੂਲ, ਇੱਕ ਸੀਨੀਅਰ ਸੈਂਟਰ ਅਤੇ ਚੰਗੀ ਤਨਖ਼ਾਹ ਵਾਲੀਆਂ ਨੌਕਰੀਆਂ ਦੇਣ 'ਤੇ ਮਾਣ ਹੈ। ਆਪਣੀਆਂ ਸੜਕਾਂ ਸੁਰੱਖਿਅਤ ਕਰਨ ਲਈ ਮੈਂ ਸ੍ਰੋਤਾਂ ਵਿੱਚ ਪੂੰਜੀ ਲਾ ਰਿਹਾ ਹਾਂ। ਇਹ ਯਕੀਨੀ ਬਣਾਉਣ ਲਈ ਕਿ ਸਾਡੇ ਮਸਲੇ ਸੁਣੇ ਜਾਣ ਲਈ ਸਾਨੂੰ ਅਨੁਭਵ ਵਾਲੀ ਅਤੇ ਸਮਰਪਿਤ ਲੀਡਰਸ਼ਿਪ ਦੀ ਲੋੜ ਹੈ।"*

**ਮੌਜੂਦਾ ਕੰਮ-ਧੰਦਾ:** NYC ਕੌਂਸਲ ਮੈਂਬਰ, ਡਿਸਟ੍ਰਿਕਟ 21

**ਪਿਛਲਾ ਕੰਮ-ਧੰਦਾ:** NY ਰਾਜ ਵਿਧਾਨ ਸਭਾ; ਸਰਕਾਰੀ ਸਬੰਧ

**ਪੜ੍ਹਾਈ:** BA, ਸੇਂਟ ਜਾੱਨ'ਸ ਯੂਨੀਵਰਸਿਟੀ, ਨੈਸ਼ਲਨ ਅਰਬਲ ਫ਼ੈਲੋ, MPA ਬਰੂਖ ਕਾੱਲਿਜ

**ਸੰਸਥਾਗਤ ਸਬੰਧ:** ਕੋਰੋਨਾ ਲਾੱਇੰਸ ਕਲੱਬ; ਸੇਂਟ ਲਿਓ'ਸ ਗੋਲਡਨ ਏਜ ਕਲੱਬ

**ਪਹਿਲਾਂ ਦਾ ਸਰਕਾਰੀ ਅਨੁਭਵ:** NY ਰਾਜ ਵਿਧਾਨ ਸਭਾ; ਡੈਮੋਕ੍ਰੈਟਿਕ ਡਿਸਟ੍ਰਿਕਟ ਲੀਡਰ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

| | **ਹਿਰਮ ਮੌਨਸਿਰੇਟ*** ✓<br>ਲੋਕਰਾਜੀ | **ਫ਼੍ਰਾਂਸਿਸਕੋ P ਮੋਯਾ** ✓<br>ਲੋਕਰਾਜੀ |
|---|---|---|
| **ਅਪਰਾਧ** | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। | ਆਪਣੇ ਭਾਈਚਾਰੇ ਨੂੰ ਸੁਰੱਖਿਅਤ ਬਣਾਉਣਾ ਮੁੱਖ ਤਰਜੀਹ ਹੋਵੇ। ਸਾਨੂੰ ਅਜਿਹੇ ਪ੍ਰੋਗਰਾਮਾਂ ਵਿੱਚ ਪੂੰਜੀ ਲਾਉਣ ਦੀ ਲੋੜ ਹੈ, ਜੋ ਨੌਜੁਆਨਾਂ ਨੂੰ ਗਿਰੋਹਾਂ ਵਿੱਚ ਸ਼ਾਮਿਲ ਹੋਣ ਤੋਂ ਰੋਕਣ, ਨਸ਼ਾਖੋਰੀ ਅਤੇ ਮਾਨਸਿਕ ਸਿਹਤ ਦੀ ਮਹਾਮਾਰੀ ਦਾ ਇਲਾਜ ਕਰਨ, ਅਤੇ ਕਾਨੂੰਨ ਲਾਗੂ ਕਰਨ ਵਾਲਿਆਂ ਅਤੇ ਆਪਣੇ ਭਾਈਚਾਰੇ ਵਿੱਚ ਵਿਸ਼ਵਾਸ ਪੈਦਾ ਕਰਨ ਦੇ ਨਾਲ ਹੀ ਉਹਨਾਂ ਨੂੰ ਜਵਾਬਦੇਹ ਬਣਾਉਣਾ। |
| **ਮਹਿੰਗਾਈ** | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। | ਅਸੀਂ ਸਾਰੇ ਕਰਿਆਨੇ ਦੀ ਦੁਕਾਨ 'ਤੇ ਮਹਿੰਗਾਈ ਦੀ ਅਸਲੀਅਤ ਵੇਖਦੇ ਹਾਂ। ਕੀਮਤ ਵਧਦੀ ਹੈ. ਪਰ ਉਜਰਤ ਉੱਥੇ ਹੀ ਰਹਿੰਦੀ ਹੈ। ਸਾਨੂੰ, ਖਪਤਕਾਰਾਂ ਨੂੰ ਕੀਮਤਾਂ ਵਿਚਲੇ ਵਾਧੇ ਤੋਂ ਬਚਾਉਣਾ ਚਾਹੀਦਾ ਹੈ – ਇਸ ਲਈ ਮੈਂ ਡਿਲੀਵਰੀ ਐਪ ਲਈ ਹੈ ਅਤੇ ਉਹਨਾਂ ਵਲੋਂ ਲਈਆਂ ਜਾਣ ਵਾਲੀਆਂ ਫ਼ੀਸਾਂ ਸੀਮਤ ਕਰ ਦਿੱਤੀਆਂ ਹਨ, ਤਾਂਜੋ ਔਸਤ ਨਿਊਯਾਰਕ ਦੇ ਵਸਨੀਕਾਂ ਨੂੰ ਇਹਨਾਂ ਤੋਂ ਬਚਾਇਆ ਜਾ ਸਕੇ। |
| **ਲੋਕਰਾਜ ਦੀ ਰਾਖੀ ਕਰਨਾ** | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। | ਸਾਨੂੰ ਸਰਕਾਰ ਵਿੱਚ ਪਹੁੰਚ ਅਤੇ ਭਾਈਵਾਲੀ ਵਧਾਉਣ ਦੀ ਜ਼ਰੂਰਤ ਹੈ। ਇਸਦਾ ਇੱਕ ਤਰੀਕਾ ਵੋਟਿੰਗ ਪਹੁੰਚ ਨੂੰ ਵਧਾਉਣਾ ਹੈ। ਮੈਨੂੰ ਨਿਊ ਯਾਰਕ ਸ਼ਹਿਰ ਚੋਣਾਂ ਵਿੱਚ ਗੈਰ-ਨਾਗਰਿਕਾਂ ਨੂੰ ਵੋਟ ਪਾਉਣ ਦੀ ਇਜਾਜ਼ਤ ਦੇਣ ਵਾਲੇ ਮਿਉਂਸਿਪਲ ਵੋਟਿੰਗ ਕਾਨੂੰਨ ਨੂੰ ਸਪਾਂਸਰ ਕਰਨ 'ਤੇ ਮਾਣ ਸੀ। |

# ਸਿਟੀ ਕੌਂਸਲ ਡਿਸਟ੍ਰਿਕਟ 22

**ਲੋਕਰਾਜੀ**

- ਟਿਫ਼ੈਨੀ L ਕਾਬਾਨ
- ਚਾਰਲਸ ਕਾਸਤ੍ਰੋ*

ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 45 'ਤੇ ਹੋਰ ਜਾਣੋ।

ਉਮੀਦਵਾਰਾਂ ਦੀ ਬਿਲਕੁਲ ਨਵੀਂ ਸੂਚੀ ਵੇਖਣ ਲਈ, ਉਮੀਦਵਾਰ ਦੀ ਵੀਡੀਓ ਦਾ ਪਤਾ ਲਾਓ ਅਤੇ ਮਸਲੇ ਦੀਆਂ ਸਥਿਤੀਆਂ ਦੀ ਤੁਲਨਾ ਕਰਨ ਲਈ **punjabi.nycvotes.org/candidates** 'ਤੇ ਜਾਓ।

* ਉਮੀਦਵਾਰ ਨੇ ਇਸ ਛਪੀ ਹੋਈ ਵੋਟਰ ਗਾਈਡ ਵਿੱਚ ਸ਼ਾਮਿਲ ਕਰਨ ਲਈ ਸਮੇਂ ਸਿਰ ਭਰਿਆ ਹੋਇਆ ਪ੍ਰੋਫ਼ਾਈਲ ਸਬਮਿਟ ਨਹੀਂ ਕੀਤਾ ਸੀ।



## ਟਿਫ਼ੈਨੀ L ਕਾਬਾਨ

ਲੋਕਰਾਜੀ

**ਮੁੱਖ 3 ਮਸਲੇ:**

1. ਸਬੂਤ-ਅਧਾਰਿਤ ਜਨਤਕ ਸੁਰੱਖਿਆ ਬਾਰੇ ਰਣਨੀਤੀਆਂ
2. ਪੈਦਲ ਚੱਲਣ ਵਾਲਿਆਂ/ਸਾਈਕਲ-ਸੁਆਰ-ਪੱਖੀ ਸੜਕਾਂ
3. ਪੱਕੇ ਤੌਰ 'ਤੇ ਕਿਫ਼ਾਇਤੀ ਰਿਹਾਇਸ਼

*"ਉਹਨਾਂ ਨੇ ਇਹਨਾਂ ਆਪਣੇ ਸਾਲਾਂ ਵਿੱਚ ਲੋਕਾਂ ਦੇ ਮੁਦਾਲਾ ਦੇ ਤੌਰ 'ਤੇ ਟਿਫ਼ੈਨੀ ਨੇ ਉਹਨਾਂ ਲਈ ਜੱਦੋ-ਜਹਿਦ ਕੀਤੀ ਸੀ, ਜਿਹਨਾਂ ਨਾਲ ਕੋਈ ਨਹੀਂ ਖੜ੍ਹਾ ਹੋਇਆ। ਇਸ ਸਮੇਂ ਉਹ ਡਿਸਟ੍ਰਿਕਟ 22 ਦੇ ਸਾਰੇ ਵਸਨੀਕਾਂ ਦੀ ਸੇਵਾ ਕਰ ਰਹੇ ਹਨ। ਆਪਣੀ ਪਹਿਲੀ ਮਿਆਦ ਵਿੱਚ ਉਹਨਾਂ ਨੇ ਡਿਸਟ੍ਰਿਕਟ ਵਿੱਚੋਂ ਵੱਧ ਕੂੜਾ ਚੁੱਕਣ ਲਈ ਪਿਕ-ਅਪ ਖ਼ਰੀਦੀਆਂ ਸਨ, ਸੜਕ ਸੁਰੱਖਿਆ ਨੂੰ ਬਿਹਤਰ ਬਣਾਉਣ ਅਤੇ ਸਬਵੇਅ ਨੂੰ ਨਵਿਆਉਣਾ ਸ਼ੁਰੂ ਕੀਤਾ ਸੀ, ਕਿਫ਼ਾਇਤੀ ਰਿਹਾਇਸ਼ ਦੀਆਂ 300 ਤੋਂ ਵੱਧ ਯੂਨਿਟਾਂ ਅਤੇ ਇੱਕ ਨਵੇਂ ਵਾਟਰਫ਼੍ਰੰਟ ਪਾਰਕ ਨੂੰ ਮੰਜ਼ੂਰੀ ਦਿੱਤੀ ਸੀ ਅਤੇ ਅਸਰਦਾਰ ਕਾਨੂੰਨ ਦੇ ਸੱਤ ਹਿੱਸੇ ਪਾਸ ਕੀਤੇ ਸਨ। ਉਹ ਕੌਂਸਲ ਦੀ LGBTQIA+ ਕਾੱਕਸ ਦੀ ਸਹਿ-ਚੇਅਰਪਰਸਨ ਸਨ।"*

**ਮੌਜੂਦਾ ਕੰਮ-ਧੰਦਾ:** NYC ਕੌਂਸਲਮੈਂਬਰ

**ਪਿਛਲਾ ਕੰਮ-ਧੰਦਾ:** ਸੀਨੀਅਰ ਸਟ੍ਰੈਟਿਜਿਸਟ, ਵਰਕਿੰਗ ਫ਼ੈਮਿਲੀਜ਼ ਪਾਰਟੀ; ਸਰਕਾਰੀ ਮੁਦਾਲਾ, ਲੀਗਲ ਏਡ ਸੁਸਾਇਟੀ ਅਤੇ NY ਕੰਪਨੀ ਮੁਦਾਲਾ ਸੇਵਾਵਾਂ

**ਪੜ੍ਹਾਈ:** NY ਲੱਾਅ ਸਕੂਲ, JD. ਪੈਨ ਸਟੇਟ, BA. ਸੇਂਟ ਫ਼੍ਰਾਂਸਿਸ ਪ੍ਰੈਪ, JHS210, PS62

**ਸੰਸਥਾਗਤ ਸਬੰਧ:** ਵਰਕਿੰਗ ਫ਼ੈਮਿਲੀਜ਼ ਪਾਰਟੀ, ਲੋਕਲ ਪ੍ਰੋਗਰੈਸ, ਡੈਮੋਕ੍ਰੈਟਿਕ ਸੋਸ਼ਲਿਸਟਸ ਆੱਫ਼ ਅਮਰੀਕਾ, ਮਿਜੇਂਟੇ, LGBT, NYC ਐਂਡ ਪਿਉਰਤੋ ਰਿਕਨ ਬਾਰ ਐਸੋਸੀਏਸ਼ਨ।

**ਪਹਿਲਾਂ ਦਾ ਸਰਕਾਰੀ ਅਨੁਭਵ:** NYC ਕੌਂਸਲਮੈਂਬਰ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

| | **ਟਿਫ਼ੈਨੀ L ਕਾਬਾਨ** ✓<br>ਲੋਕਰਾਜੀ | **ਚਾਰਲਸ ਕਾਸਤ੍ਰੋ*** ✓<br>ਲੋਕਰਾਜੀ |
|---|---|---|
| **ਅਪਰਾਧ** | ਹਿੰਸਾ ਘੱਟ ਕਰਨ ਲਈ, ਅਸੀਂ ਜੋ ਕੁਝ ਵੀ ਜਾਣਦੇ ਹਾਂ, ਉਸ ਵਿੱਚ ਸਾਨੂੰ ਪੂੰਜੀਕਾਰੀ ਲਾਉਣ ਦੀ ਜ਼ਰੂਰਤ ਹੈ: ਕਿਫ਼ਾਇਤੀ ਰਿਹਾਇਸ਼, ਚੰਗੀਆਂ ਨੌਕਰੀਆਂ, ਵੱਡੀ ਮਾਤਰਾ ਵਿੱਚ ਮਾਨਸਿਕ ਸਿਹਤ-ਸੇਵਾਵਾਂ ਅਤੇ ਹਿੰਸਾ ਦੀ ਰੋਕਥਾਮ ਸਬੰਧੀ ਪੁਸ਼ਟੀਸ਼ੁਦਾ ਪ੍ਰੋਗਰਾਮ। ਇਹ ਨਾਕਾਮ ਪੁਲਿਸਿੰਗ ਅਤੇ ਜੇਲ੍ਹ ਦੀ ਕਿਸਮ ਸਬੰਧੀ ਰਣਨੀਤੀਆਂ, ਜੋ ਸਿਰਫ਼ ਸਦਮੇ ਅਤੇ ਅਪਰਾਧੀਕਰਣ ਨੂੰ ਬਣਾਈ ਰੱਖਦੇ ਹਨ। | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। |
| **ਮਹਿੰਗਾਈ** | ਮੈਂ ConEd ਦਰ ਵਿੱਚ ਵਾਧੇ ਅਤੇ ਕਿਰਾਏ ਦੀਆਂ ਸੇਧਾਂ ਬਾਰੇ ਬੋਰਡ ਦੇ ਖ਼ਿਲਾਫ਼ ਜ਼ੋਰਦਾਰ ਤਰੀਕੇ ਨਾਲ ਬੋਲੀ ਸੀ। ਨਿਊ ਯਾਰਕ ਦੇ ਕੰਮ ਕਰਨ ਵਾਲੇ ਵਸਨੀਕ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਜੂਝ ਰਹੇ ਹਨ। ਉਹਨਾਂ ਨੂੰ ਹੋਰ ਵੱਧ ਭੁਗਤਾਨ ਕਰਨ ਲਈ ਮਜਬੂਰ ਕਰਨ ਨਾਲ ਉਹ ਇੱਥੋਂ ਚਲੇ ਜਾਣਗੇ ਅਤੇ ਬਹੁਤ ਜ਼ਿਆਦਾ ਅਮੀਰਾਂ ਨੂੰ ਨਿਊ ਯਾਰਕ ਨੂੰ ਆਪਣੀ ਪਸੰਦ ਦੀ ਥਾਂ ਬਣਾਉਣ ਦੀ ਖੁੱਲ੍ਹ ਮਿਲ ਜਾਏਗੀ। | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। |
| **ਲੋਕਰਾਜ ਦੀ ਰਾਖੀ ਕਰਨਾ** | ਮੇਰਾ ਦਫ਼ਤਰ ਇੱਕ ਮਜ਼ਬੂਤ ਭਾਈਵਾਲ ਬਜਟ ਸਬੰਧੀ ਅਮਲ ਚਲਾਉਂਦਾ ਹੈ, ਕਿਉਂਕਿ ਅਸੀਂ ਮੰਨਦੇ ਹਾਂ ਕਿ ਲੋਕਰਾਜ ਇੱਕ ਰਹਿਣਯੋਗ ਸ਼ਹਿਰ ਦੀ ਕੁੰਜੀ ਹੈ। ਮੈਨੂੰ ਸਿਰਫ਼ ਚੋਣ-ਦਿਵਸ ਵਾਲੇ ਦਿਨ ਲੋਕਰਾਜ ਵਿੱਚ ਭਰੋਸਾ ਪ੍ਰਗਟਾਉਣ ਦੀ ਜ਼ਰੂਰਤ ਨਹੀਂ ਹੈ, ਬਲਕਿ ਮੈਂ ਰੋਜ਼, ਹਰ ਥਾਂ ਤੋਂ ਲੈਕੇ ਸਕੂਲ ਦੀ ਇਮਾਰਤ ਤੱਕ ਭਰੋਸਾ ਕਰਦੀ ਹਾਂ। | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। |

# ਸਿਟੀ ਕੌਂਸਲ ਡਿਸਟ੍ਰਿਕਟ 23

**ਲੋਕਰਾਜੀ**

- ਸਟੀਵ ਬੇਹਰ
- ਲਿੰਡਾ ਲੀ
- ਰੁਬੱਈਆ ਰਹਿਮਾਨ

ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 45 'ਤੇ ਹੋਰ ਜਾਣੋ।

ਉਮੀਦਵਾਰਾਂ ਦੀ ਬਿਲਕੁਲ ਨਵੀਂ ਸੂਚੀ ਵੇਖਣ ਲਈ, ਉਮੀਦਵਾਰ ਦੀ ਵੀਡੀਓ ਦਾ ਪਤਾ ਲਾਓ, ਮਸਲੇ ਦੀਆਂ ਸਥਿਤੀਆਂ ਦਾ ਮੁਕਾਬਲਾ ਕਰਨ ਲਈ ਅਤੇ ਮਸਲੇ ਦੀਆਂ ਸਥਿਤੀਆਂ ਦਾ ਮੁਕਾਬਲਾ ਕਰਨ ਲਈ **punjabi.nycvotes.org/candidates** 'ਤੇ ਜਾਓ।

---



## ਸਟੀਵ ਬੇਹਰ

ਲੋਕਰਾਜੀ

**ਮੁੱਖ 3 ਮਸਲੇ:**

1. ਜਨਤਕ ਸੁਰੱਖਿਆ
2. ਸਿੱਖਿਆ
3. ਜ਼ਿੰਦਗੀ ਦਾ ਮਿਆਰ

*"ਮੈਂ 6 ਸਾਲ ਦੀ ਸੀ, ਜਦੋਂ ਮੇਰਾ ਪਰਿਵਾਰ ਆਪਣੇ ਭਾਈਚਾਰੇ ਵਿੱਚ ਆਇਆ ਸੀ। ਮੈਂ PS 46, MS 74 ਅਤੇ ਕਾਰਡਾਜ਼ੋ ਹਾਈ ਸਕੂਲ ਤੋਂ ਗ੍ਰੈਜੂਏਟ ਹਾਂ।*
*ਮੈਂ ਦਹਾਕਿਆਂ ਤੋਂ ਭਾਈਚਾਰਕ ਲੀਡਰ ਰਹੀ ਹਾਂ ਅਤੇ ਕੌਂਸਲ ਮੈਂਬਰ ਗ੍ਰੌਡੰਚਿਕ ਲਈ ਵਕੀਲ ਵਜੋਂ 6 ਸਾਲ ਤੱਕ ਸਮਾਂ ਲਾਇਆ ਸੀ।"*

**ਮੌਜੂਦਾ ਕੰਮ-ਧੰਦਾ:** ਅਟਾੱਰਨੀ

**ਪਿਛਲਾ ਕੰਮ-ਧੰਦਾ:** ਇੰਟਰਨੈਸ਼ਨਲ ਕਾੱਰਪੋਰੇਟ ਫ਼ਾਇਨਾਂਸ ਅਟਾੱਰਨੀ; NYC ਕੌਂਸਲ ਵਿੱਚ ਵਕੀਲ; NYS ਸੈਨੇਟ ਵਿੱਚ ਵਕੀਲ; ਛੋਟੇ ਕਾਰੋਬਾਰ ਦੀ ਮਾਲਕ; ਕਾੱਲਿਜ ਪ੍ਰੋਫ਼ੈਸਰ

**ਪੜ੍ਹਾਈ:** ਜਾੱਰਜਟਾਉਨ ਯੂਨੀਵਰਸਿਟੀ ਲਾੱਅ ਸਕੂਲ, LL.M (ਮਾਸਟਰ ਆੱਫ਼ ਲਾੱਅ), ਸਿਕਿਓਰਿਟੀਜ਼ ਐਂਡ ਫ਼ਾਇਨਾਂਸ਼ਿਅਲ ਰੈਗੁਲੇਸ਼ਨ; ਤੁਲਾਨੇ ਯੂਨੀਵਰਸਿਟੀ, JD; ਤੁਲਾਨੇ ਯੂਨੀਵਰਸਿਟੀ, MBA, ਫ਼ਾਇਨਾਂਸ ਅਤੇ ਜਨਰਲ ਮੈਨੇਜਮੈਂਟ; ਅਲਬਾਨੀ ਯੂਨੀਵਰਸਿਟੀ, B.A., ਇਕੋਨੌਮਿਕਸ ਐਂਡ ਪੌਲਿਟੀਕਲ ਸਾਇੰਸ

**ਸੰਸਥਾਗਤ ਸਬੰਧ:** ਮੈਂਬਰ NYS ਬਾਰ ਐਸੋਸੀਏਸ਼ਨ, ਮੈਂਬਰ ਮੋਨਟਾਨਾ ਬਾਰ ਐਸੋਸੀਏਸ਼ਨ

**ਪਹਿਲਾਂ ਦਾ ਸਰਕਾਰੀ ਅਨੁਭਵ:** ਅਟਾੱਰਨੀ, U.S. ਸਿਕਿਓਰਿਟੀਜ਼ ਐਕਸਚੇਂਜ ਕਮਿਸ਼ਨ; NYS ਸੈਨੇਟ ਵਿੱਚ ਵਕੀਲ; NYC ਕੌਂਸਲ ਵਿੱਚ ਵਕੀਲ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ



## ਲਿੰਡਾ ਲੀ

ਲੋਕਰਾਜੀ

**ਮੁੱਖ 3 ਮਸਲੇ:**

1. ਸਾਡੇ ਭਾਈਚਾਰਿਆਂ ਨੂੰ ਸੁਰੱਖਿਅਤ ਬਣਾਉਣਾ।
2. ਕੁਆਲਿਟੀ ਵਾਲੀ ਸਿੱਖਿਆ ਤੱਕ ਪਹੁੰਚ ਵਧਾਉਣੀ।
3. ਸਾਡੇ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ।

*"ਮੈਨੂੰ ਈਸਟਰਨ ਕੁਈਨਸ ਦੀ ਨੁਮਾਇੰਦਗੀ ਕਰਨ 'ਤੇ ਮਾਣ ਹੈ –ਇਹ ਕੰਮ ਕਰਨ ਵਾਲੇ ਵੰਨ-ਸੁਵੰਨੇ ਪਰਿਵਾਰਾਂ, ਛੋਟੇ ਕਾਰੋਬਾਰਾਂ ਦੇ ਮਾਲਕ, ਨੌਜੁਆਨ ਪੇਸ਼ੇਵਰ ਅਤੇ ਕਈ ਸੀਨੀਅਰ। ਪਰ ਸਾਡੀਆਂ ਸਮੱਸਿਆਵਾਂ ਹਨ, ਜਿਹਨਾਂ ਲਈ ਅਸਲ ਅਤੇ ਚੌਕਸ ਲੀਡਰਸ਼ਿਪ ਦੀ ਲੋੜ ਹੈ। ਜਾਇਦਾਦ ਟੈਕਸ ਵਧ ਰਹੇ ਹਨ, ਛੋਟੇ ਕਾਰੋਬਾਰ ਜੂਝ ਰਹੇ ਹਨ ਅਤੇ ਸਾਡੇ ਬੁਨਿਆਦੀ ਢਾਂਚੇ ਨੂੰ ਨਵਿਆਣ ਦੀ ਲੋੜ ਹੈ, ਕਿਉਂਕਿ ਅਸੀਂ ਤੂਫ਼ਾਨ ਇਦਾ ਤੋਂ ਬਾਅਦ ਵੇਖਿਆ ਸੀ। ਸਾਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਸਥਾਨਕ ਪੱਧਰ 'ਤੇ ਅਸੀਂ ਜਿਹੜੇ ਮਸਲੇ ਹੱਲ ਕਰ ਰਹੇ ਹਾਂ, ਉਹਨਾਂ ਵਿੱਚ ਭਾਈਚਾਰੇ ਦੀਆਂ ਅਵਾਜ਼ਾਂ ਸਭ ਤੋਂ ਅੱਗੇ ਹੋਣ।*

*ਜਦੋਂ ਤੋਂ ਮੈਂ ਪਿਛਲੀ ਵਾਰੀ ਤੋਂ ਦਫ਼ਤਰ ਸੰਭਾਲਿਆ ਹੈ, ਮੈਂ ਹਮੇਸ਼ਾ ਕਾਨੂੰਨ ਅਤੇ ਫ਼ੰਡਿੰਗ ਦੇਣ ਦੀ ਕੋਸ਼ਿਸ਼ ਕੀਤੀ ਹੈ, ਜੋ ਸਾਨੂੰ ਸੁਰੱਖਿਅਤ ਬਣਾਕੇ ਅਤੇ ਸਾਡੀ ਜ਼ਿੰਦਗੀ ਦੇ ਮਿਆਰ ਨੂੰ ਬਿਹਤਰ ਬਣਾਉਣ 'ਤੇ ਇਸਦਾ ਸਾਡੇ ਭਾਈਚਾਰਿਆਂ 'ਤੇ ਸਿੱਧਾ ਅਤੇ ਉਸਾਰੂ ਅਸਰ ਪਏਗਾ।"*

**ਮੌਜੂਦਾ ਕੰਮ-ਧੰਦਾ:** ਕੌਂਸਲਮੈਂਬਰ

**ਪਿਛਲਾ ਕੰਮ-ਧੰਦਾ:** CEO @KCS

**ਪੜ੍ਹਾਈ:** BA ਬਰਨਾਰਡ; MSW ਕੋਲੰਬੀਆ

**ਸੰਸਥਾਗਤ ਸਬੰਧ:** PS203, NVCC

**ਪਹਿਲਾਂ ਦਾ ਸਰਕਾਰੀ ਅਨੁਭਵ:** CB11, Fmr Comm'er@NYCCEC

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ



## ਰੁਬੱਈਆ ਰਹਿਮਾਨ

ਲੋਕਰਾਜੀ

**ਮੁੱਖ 3 ਮਸਲੇ:**

1. ਅਪੰਗਤਾ ਸਬੰਧੀ ਸੇਵਾਵਾਂ ਅਤੇ ਹੱਕਾਂ ਵਿੱਚ ਸੁਧਾਰ ਕਰਨਾ
2. ਨੌਜੁਆਨ ਅਤੇ ਭਾਈਚਾਰਕ ਮਾਨਸਿਕ ਸਿਹਤ
3. ਬਜੁਰਗਾਂ ਦੀ ਸੰਭਾਲ ਅਤੇ ਸੇਵਾਮੁਕਤ

*"ਮੈਂ ਰੁਬੱਈਆ ਰਹਿਮਾਨ ਹਾਂ ਅਤੇ ਮੈਂ ਸਿਟੀ ਕੌਂਸਲ ਡਿਸਟ੍ਰਿਕਟ 23 ਲਈ ਚੋਣ ਲੜ ਰਹੀ ਹਾਂ। ਮੈਨੂੰ ਇਹ ਕਹਿੰਦਿਆਂ ਮਾਣ ਹੈ ਕਿ ਮੇਰਾ ਧਿਆਨ ਇੱਕੋ ਮਸਲੇ 'ਤੇ ਲੱਗਿਆ ਹੋਇਆ ਹੈ - ਮੇਰਾ ਭਾਈਚਾਰਾ। ਕਈ ਵਾਰੀ, ਵੱਧ ਤਾਕਤਵਰ ਹਿੱਤਾਂ ਕਰਕੇ ਆਮ ਲੋਕਾਂ ਦੀ ਅਵਾਜ਼ ਨਹੀਂ ਸੁਣੀ ਜਾਂਦੀ। ਜਦੋਂ ਅਸੀਂ ਆਪਣੇ ਭਾਈਚਾਰੇ ਦੇ ਸਭ ਤੋਂ ਅਸਮਰੱਥ ਮੈਂਬਰਾਂ ਦੀਆਂ ਜ਼ਰੂਰਤਾਂ ਨੂੰ ਤਰਜੀਹ ਦਿੰਦੇ ਹਾਂ, ਤਾਂ ਅਸੀਂ ਆਪਣੀਆਂ ਕਦਰਾਂ-ਕੀਮਤਾਂ ਅਤੇ ਤਰਜੀਹਾਂ ਲਈ ਨੈਤਿਕ ਬੁਨਿਆਦ ਸੈਟ ਕਰਦੇ ਹਾਂ। ਉਹਨਾਂ ਦੀਆਂ ਜ਼ਰੂਰਤਾਂ ਨੂੰ ਸਾਹਮਣੇ ਰੱਖਕੇ, ਅਸੀਂ ਯਕੀਨੀ ਬਣਾ ਸਕਦੇ ਹਾਂ ਕਿ ਸਾਡੇ ਬਜਟ ਦੇ ਡਾੱਲਰ ਖ਼ਰਚ ਕੀਤੇ ਜਾਂਦੇ ਹਨ ਜਿੱਥੇ ਉਹਨਾਂ ਨੂੰ ਇਸਦੀ ਸਭ ਤੋਂ ਵੱਧ ਲੋੜ ਹੈ। ਇਸ ਲਈ ਮੈਂ, – ਆਪਣੇ ਬੱਚਿਆਂ ਲਈ ਜੱਦੋ-ਜਹਿਦ ਕਰਨ ਅਤੇ ਆਪਣੇ ਭਾਈਚਾਰੇ ਨੂੰ ਫ਼ੈਸਲਾ ਲੈਣ ਵਿੱਚ ਸਭ ਤੋਂ ਅੱਗੇ ਰੱਖਣ ਵਾਸਤੇ ਦਫ਼ਤਰ ਲਈ ਚੋਣ ਲੜ ਰਹੀ ਹਾਂ।"*

**ਮੌਜੂਦਾ ਕੰਮ-ਧੰਦਾ:** ਮੌਜੂਦਾ ਐਗਜ਼ੀਕਿਉਟਿਵ ਡਾਇਰੈਕਟਰ ASHO

**ਪਿਛਲਾ ਕੰਮ-ਧੰਦਾ:** ਕਾਨੂੰਨੀ ਸਹਾਇਤਾ

**ਪੜ੍ਹਾਈ:** ਮਾਸਟਰ NYU ਸਕੂਲ ਆੱਫ਼ ਲੱਾਅ

**ਸੰਸਥਾਗਤ ਸਬੰਧ:** ASHO

**ਪਹਿਲਾਂ ਦਾ ਸਰਕਾਰੀ ਅਨੁਭਵ:** ਫ਼ੀਲਡ ਮੈਨੇਜਰ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ

# ਉਮੀਦਵਾਰਾਂ ਦੀ ਤੁਲਨਾ ਕਰਨੀ

**ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, punjabi.nycvotes.org/compare 'ਤੇ ਜਾਓ।**

**ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ findmypollsite.vote.nyc 'ਤੇ ਪਤਾ ਲਾਓ।**

| | **ਸਟੀਵ ਬੇਹਰ** ✓<br>ਲੋਕਰਾਜੀ | **ਲਿੰਡਾ ਲੀ** ✓<br>ਲੋਕਰਾਜੀ |
|---|---|---|
| **ਅਪਰਾਧ** | ਜਨਤਕ ਸੁਰੱਖਿਆ ਤੋਂ ਵਧਕੇ ਕੁਝ ਨਹੀਂ ਹੈ। ਮੈਨੂੰ ਆਪਣੀਆਂ ਸੜਕਾਂ 'ਤੇ ਵੱਧ ਪੁਲਿਸ ਵਾਲੇ ਚਾਹੀਦੇ ਹਨ। ਮੈਨੂੰ ਭਾਈਚਾਰਕ ਪੁਲਿਸਿੰਗ 'ਤੇ ਭਰੋਸਾ ਹੈ। ਮੈਂ ਨਵੇਂ 116ਵੇਂ ਪ੍ਰੀਸਿੰਕਟ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਸੀ, ਜੋ 105ਵੇਂ ਪ੍ਰੀਸਿੰਕਟ 'ਤੇ ਦਬਾਅ ਘੱਟ ਕਰੇਗਾ ਅਤੇ ਪੂਰਬੀ ਕੁਈਨਸ ਦੀਆਂ ਸੜਕਾਂ 'ਤੇ ਵੱਧ ਪੁਲਿਸ ਤਾਇਨਾਤ ਕਰੇਗਾ। | ਮੈਂ ਪਾਰਦਰਸ਼ਤਾ ਅਤੇ ਜਵਾਬਦੇਹੀ ਦੇ ਨਾਲ ਸਾਡੇ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਨੂੰ ਪੂਰੀ ਤਰ੍ਹਾਂ ਫੰਡ ਦੇਣ ਦੀ ਪੱਕੀ ਸਮਰਥਕ ਹਾਂ। ਸਾਨੂੰ ਸਭ ਤੋਂ ਪਹਿਲਾਂ ਆਪਣੀਆਂ ਸੜਕਾਂ ਤੋਂ ਬੰਦੂਕਾਂ ਹਟਾ ਕੇ, ਮਾਨਸਿਕ ਸਿਹਤ ਸੰਕਟ ਨੂੰ ਹੱਲ ਕਰਨ, ਅਤੇ ਨਫ਼ਰਤ ਅਤੇ ਪੱਖਪਾਤੀ ਅਪਰਾਧਾਂ ਵਿੱਚ ਵਾਧੇ 'ਤੇ ਹਮਲਾ ਕਰਕੇ ਅਪਰਾਧ ਨੂੰ ਘਟਾਉਣ ਦੀ ਲੋੜ ਹੈ। |
| **ਮਹਿੰਗਾਈ** | ਮਹਿੰਗਾਈ ਕੰਮ ਕਰਨ ਵਾਲੇ ਪਰਿਵਾਰਾਂ ਦੀ ਕਮਾਈ ਅਤੇ ਬਚਤ ਖ਼ਤਮ ਕਰ ਦਿੰਦੀ ਹੈ। ਮੌਜੂਦਾ ਮਹਿੰਗਾਈ, ਮਹਾਮਾਰੀ ਤੋਂ ਬਾਅਦ ਦੇ ਅਰਥਚਾਰੇ ਨੂੰ ਫਿਰ ਤੋਂ ਸ਼ੁਰੂ ਕਰਨ ਅਤੇ ਯੂਕ੍ਰੇਨ 'ਤੇ ਰੂਸੀ ਹਮਲੇ ਕਰਕੇ ਹੋਈ ਹੈ। ਫ਼ੈਡਰਲ ਰਿਜ਼ਰਵ ਮਹਿੰਗਾਈ ਨੂੰ ਘੱਟ ਕਰਨ ਲਈ ਕੰਮ ਕਰ ਰਿਹਾ ਹੈ ਅਤੇ ਸਾਡੀ ਸਪਲਾਈ-ਲੜੀ ਅਤੇ ਸਪਲਾਈ ਅਤੇ ਮੰਗ ਦੇ ਮਸਲੇ ਘਟ ਰਹੇ ਹਨ। | ਜਦੋਂ ਕਿ ਮਹਿੰਗਾਈ ਨਾਲ ਨਜਿੱਠਣ ਲਈ ਮੁੱਖ ਤੌਰ 'ਤੇ ਫੈਡਰਲ ਪੱਧਰ 'ਤੇ ਨਿਪਟਿਆ ਜਾਂਦਾ ਹੈ, ਸਾਨੂੰ ਘੱਟ ਅਤੇ ਮੱਧ-ਆਮਦਨੀ ਵਾਲੇ ਪਰਿਵਾਰ, ਜੋ ਗੈਸ ਅਤੇ ਕਰਿਆਨੇ ਦੀਆਂ ਵਧਦੀਆਂ ਕੀਮਤਾਂ ਨਾਲ ਨਜਿੱਠ ਰਹੇ ਹਨ, ਦੀ ਮਦਦ ਕਰਨ ਲਈ ਸਭ ਕੁਝ ਕਰਨਾ ਚਾਹੀਦਾ ਹੈ। ਸਾਨੂੰ ਕੀਮਤਾਂ ਵਿੱਚ ਵਾਧੇ ਲਈ ਕੰਪਨੀਆਂ ਅਤੇ ਉਪਯੋਗਤਾਵਾਂ ਦੇ ਪ੍ਰਦਾਤਾਵਾਂ ਨੂੰ ਵੀ ਜਵਾਬਦੇਹ ਰੱਖਣਾ ਚਾਹੀਦਾ ਹੈ। |
| **ਲੋਕਰਾਜ ਦੀ ਰਾਖੀ ਕਰਨਾ** | ਸਾਡੀ ਕੈਪਿਟਲ (Capitol) ਵਿੱਚ 6 ਜਨਵਰੀ ਦੀ ਬਗ਼ਾਵਤ ਨੇ ਸਾਨੂੰ ਵਿਖਾਇਆ ਹੈ ਕਿ ਲੋਕਰਾਜ ਕਿੰਨਾ ਕਮਜ਼ੋਰ ਹੈ। ਅਮਰੀਕਾ ਦੁਨੀਆ ਵਿੱਚ ਲੋਕਰਾਜ ਦਾ ਚਾਨਣ-ਮੁਨਾਰਾ ਰਿਹਾ ਹੈ, ਪਰ 6 ਜਨਵਰੀ ਦੀਆਂ ਘਟਨਾਵਾਂ ਨੇ ਸਾਡੀ ਸਾਖ਼ ਨੂੰ ਢਾਹ ਲਾਈ ਹੈ। ਚੁਣੇ ਗਏ ਅਧਿਕਾਰੀਆਂ ਨੂੰ ਸਾਡੀਆਂ ਲੋਕਰਾਜੀ ਸੰਸਥਾਵਾਂ ਦੀ ਰਾਖੀ ਲਈ ਹਰ ਸੰਭਵ ਕੋਸ਼ਿਸ਼ ਕਰਨੀ ਚਾਹੀਦੀ ਹੈ। | 6 ਜਨਵਰੀ ਨੇ ਸਾਨੂੰ ਦਿਖਾਇਆ ਕਿ ਸਾਡਾ ਲੋਕਤੰਤਰ ਕਿੰਨਾ ਨਾਜ਼ੁਕ ਹੈ। ਸਾਨੂੰ ਬੈਲਟ ਬਾਕਸ ਤੱਕ ਪਹੁੰਚ ਦਾ ਵਿਸਤਾਰ ਕਰਨ ਦੀ ਲੋੜ ਹੈ, ਲੋਕਾਂ ਲਈ - ਜਲਦੀ, ਡਾਕ ਰਾਹੀਂ, ਜਾਂ ਉਸੇ ਦਿਨ ਵੋਟਰ ਰਜਿਸਟ੍ਰੇਸ਼ਨ ਦੇ ਨਾਲ ਚੋਣਾਂ ਵਾਲੇ ਦਿਨ ਆਪਣੀ ਪਸੰਦੀਦਾ ਤਰੀਕੇ ਨਾਲ ਵੋਟ ਪਾਉਣਾ ਆਸਾਨ ਬਣਾਉਣਾ ਚਾਹੀਦਾ ਹੈ। |

## ਰੁਬੱਈਆ ਰਹਿਮਾਨ ✓

ਡੈਮੋਕ੍ਰੈਟਿਕ

NYC ਵਿੱਚ ਜਨਤਕ ਸੁਰੱਖਿਆ ਨੂੰ ਯਕੀਨੀ ਬਣਾਉਣਾ ਮਹੱਤਵਪੂਰਣ ਹੈ। ਮੌਜੂਦਾ ਜ਼ਮਾਨਤ ਸੁਧਾਰ ਕਾਨੂੰਨ ਬਾਰੇ ਮੁੜ ਤੋਂ ਵਿਚਾਰ ਕਰਨ ਦੀ ਲੋੜ ਹੈ, ਕਿਉਂਕਿ ਇਹ ਜੁਰਮ ਨੂੰ ਘਟਾਉਣ ਵਿੱਚ ਅਸਰਦਾਰ ਨਹੀਂ ਰਿਹਾ। ਇਸ ਮੁੱਦੇ ਨੂੰ ਹੱਲ ਕਰਨ ਵਿੱਚ ਨਾਕਾਮੀ ਅਰਥਚਾਰੇ 'ਤੇ ਮਾੜਾ ਅਸਰ ਪਾ ਸਕਦੀ ਹੈ। ਅਸਰਦਾਰ ਜਨਤਕ ਸੁਰੱਖਿਆ ਕਾਰਵਾਈਆਂ ਨੂੰ ਤਰਜੀਹ ਦੇਣਾ ਬਹੁਤ ਜ਼ਰੂਰੀ ਹੈ।

ਮਹਿੰਗਾਈ ਘੱਟ ਆਮਦਨ ਵਾਲੇ ਪਰਿਵਾਰਾਂ ਨੂੰ ਨੁਕਸਾਨ ਪਹੁੰਚਾ ਰਹੀ ਹੈ, ਜਿਸ ਕਰਕੇ ਭੋਜਨ ਵਰਗੀਆਂ ਚੀਜ਼ਾਂ ਨੂੰ ਖਰੀਦਣਾ ਮੁਸ਼ਕਲ ਹੋ ਰਿਹਾ ਹੈ। ਮੈਂ ਕਿਫ਼ਾਇਤੀ ਰਿਹਾਇਸ਼, ਮਿਆਰੀ ਸਿਹਤ ਸੰਭਾਲ ਅਤੇ ਸਿੱਖਿਆ ਦੀ ਵਕਾਲਤ ਕਰਕੇ ਮਹਿੰਗਾਈ ਨੂੰ ਰੋਕਣ ਵਾਸਤੇ ਕੰਮ ਕਰਾਂਗੀ। ਇਹ ਲਚੀਲੇਪਨ ਅਤੇ ਬਰਾਬਰੀ ਵਾਲੇ ਭਾਈਚਾਰੇ ਦੀ ਸਿਰਜਣਾ ਕਰੇਗਾ, ਤਾਂ ਜੋ ਹਰ ਕੋਈ ਤਰੱਕੀ ਕਰ ਸਕੇ।

ਤਾਨਾਸ਼ਾਹੀ ਦਾ ਖ਼ਤਰਾ ਸਿਰਫ਼ ਵਿਅਕਤੀਗਤ ਸਿਆਸਤਦਾਨਾਂ ਤੱਕ ਹੀ ਸੀਮਤ ਨਹੀਂ ਹੈ, ਸਗੋਂ ਲੋਕਰਾਜ ਸਬੰਧੀ ਸਿਧਾਂਤਾਂ ਨੂੰ ਬਰਕਰਾਰ ਰੱਖਣ ਵਿੱਚ ਸਿਆਸੀ ਪਾਰਟੀਆਂ ਦੀ ਨਾਕਾਮੀ ਅਤੇ ਧਰੁਵੀਕਰਣ ਨੂੰ ਤੇਜ਼ ਕਰਨ ਕਰਕੇ ਵੀ ਹੈ। ਮੈਂ ਆਪਣੇ ਲੋਕਰਾਜ ਦੀ ਰਾਖੀ ਕਰਨ ਅਤੇ ਸਾਰੇ ਨਿਊ ਯਾਰਕ ਵਾਸੀਆਂ ਦੇ ਹੱਕਾਂ ਅਤੇ ਅਜ਼ਾਦੀ ਦੀ ਰਾਖੀ ਲਈ ਵੀ ਕੰਮ ਕਰਾਂਗੀ।

# ਚੋਣ ਅਲਰਟ ਹਾਸਿਲ ਕਰੋ

**ਟੈਕਸਟ ਜਾਂ ਈਮੇਲ ਕਰਕੇ ਚੋਣ ਅਲਰਟ ਲਈ ਸਾਈਨ ਅਪ ਕਰੋ! ਮੁੱਖ ਅੰਤਮ-ਤਾਰੀਖ਼ਾਂ ਅਤੇ ਵੋਟ ਕਦੋਂ ਪਾਓ, ਬਾਰੇ ਚੌਕਸ ਰਹੋ।**

**ਇੱਥੇ ਸਕੈਨ ਕਰੋ ਜਾਂ nycvotes.org/stay-informed 'ਤੇ ਜਾਓ**

# ਤਰਜੀਹੀ ਵੋਟਿੰਗ ਦੀ ਪ੍ਰੈਕਟਿਸ ਕਰਨੀ

ਸਾਡੀ ਔਨਲਾਈਨ ਪ੍ਰੈਕਟਿਸ ਵਾਲ਼ੀ ਵੋਟ-ਪਰਚੀ 'ਤੇ ਆਪਣੀ ਪਸੰਦ ਦੀ ਰੈਂਕਿੰਗ ਦੀ ਕੋਸ਼ਿਸ਼ ਕਰੋ! ਜੇ ਤੁਹਾਡੀ ਵੋਟ-ਪਰਚੀ ਸਹੀ ਢੰਗ ਨਾਲ ਭਰੀ ਗਈ ਹੈ ਜਾਂ ਜੇ ਤੁਹਾਡੇ ਤੋਂ ਗ਼ਲਤੀ ਹੋਈ ਹੈ, ਤਾਂ ਉਸ ਨੂੰ ਕਿਵੇਂ ਦਰੁਸਤ ਕਰੋ, ਬਾਰੇ ਅਸੀਂ ਤੁਹਾਨੂੰ ਦੱਸਾਂਗੇ।

ਇੱਥੇ ਸਕੈਨ ਕਰੋ ਜਾਂ **punjabi.nycvotes.org/practice-ballot** 'ਤੇ ਜਾਓ

# ਸਿਟੀ ਕੌਂਸਲ ਡਿਸਟ੍ਰਿਕਟ 24 ਵਿੱਚ ਪ੍ਰਮੁੱਖ ਚੋਣ ਨਹੀਂ ਹੈ

**ਪ੍ਰਮੁੱਖ ਚੋਣਾਂ ਉਦੋਂ ਹੀ ਹੁੰਦੀਆਂ ਹਨ, ਜਦੋਂ ਉਹਨਾਂ ਦੀ ਪਾਰਟੀ ਦੀ ਨਾਮਜ਼ਦਗੀ ਲਈ ਇੱਕ ਤੋਂ ਵੱਧ ਉਮੀਦਵਾਰ ਚੋਣ ਲੜਦੇ ਹਨ। ਹਾਲਾਂਕਿ, ਨਵੰਬਰ ਵਿੱਚ ਸਿਟੀ ਕੌਂਸਲ ਡਿਸਟ੍ਰਿਕਟ ਲਈ ਆਮ ਚੋਣਾਂ ਕਰਾਈਆਂ ਜਾਣਗੀਆਂ।**

## ਉਮੀਦਵਾਰ ਦੇ ਵੀਡੀਓ ਵੇਖੋ

ਉਮੀਦਵਾਰਾਂ ਬਾਰੇ ਹੋਰ ਜਾਣਨ ਲਈ ਸਾਡੀ ਔਨਲਾਈਨ ਵੋਟਰ ਗਾਈਡ 'ਤੇ ਜਾਓ! ਆਪਣੀ ਵੋਟ-ਪਰਚੀ 'ਤੇ ਉਮੀਦਵਾਰਾਂ ਬਾਰੇ ਜਾਣਨ ਲਈ ਆਪਣਾ ਪਤਾ ਭਰੋ ਅਤੇ ਫਿਰ ਉਮੀਦਵਾਰ ਦੇ ਵੀਡੀਓ ਵੇਖਣ ਲਈ ਉਹਨਾਂ ਦੇ ਪ੍ਰੋਫ਼ਾਈਲ 'ਤੇ ਜਾਓ।

ਇੱਥੇ ਸਕੈਨ ਕਰੋ ਜਾਂ **punjabi.nycvotes.org/candidatess** 'ਤੇ ਜਾਓ

# ਸਿਟੀ ਕੌਂਸਲ ਡਿਸਟ੍ਰਿਕਟ 25

**ਲੋਕਰਾਜੀ**

- ਫ਼ਾਤਿਮਾ ਬਰਯਾਬ*
- ਸ਼ੇਖਰ ਕ੍ਰਿਸ਼ਨਨ ✓
- ਰਿਕਾਰਡੋ J ਪਚੇਕੋ ✓

✓ ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 45 'ਤੇ ਹੋਰ ਜਾਣੋ।

ਉਮੀਦਵਾਰਾਂ ਦੀ ਬਿਲਕੁਲ ਨਵੀਂ ਸੂਚੀ ਵੇਖਣ ਲਈ, ਉਮੀਦਵਾਰ ਦੀ ਵੀਡੀਓ ਦਾ ਪਤਾ ਲਾਓ ਅਤੇ ਮਸਲੇ ਦੀਆਂ ਸਥਿਤੀਆਂ ਦੀ ਤੁਲਨਾ ਕਰਨ ਲਈ **punjabi.nycvotes.org/candidates** 'ਤੇ ਜਾਓ।

* ਉਮੀਦਵਾਰ ਨੇ ਇਸ ਛਪੀ ਹੋਈ ਵੋਟਰ ਗਾਈਡ ਵਿੱਚ ਸ਼ਾਮਿਲ ਕਰਨ ਲਈ ਸਮੇਂ ਸਿਰ ਭਰਿਆ ਹੋਇਆ ਪ੍ਰੋਫ਼ਾਈਲ ਸਬਮਿਟ ਨਹੀਂ ਕੀਤਾ ਸੀ।

---



## ਸ਼ੇਖਰ ਕ੍ਰਿਸ਼ਨਨ ✓

ਲੋਕਰਾਜੀ

**ਮੁੱਖ 3 ਮਸਲੇ:**

1. ਸਾਰਿਆਂ ਵਾਸਤੇ ਕੁਆਲਿਟੀ ਵਾਲੀ ਸਿਹਤ ਸੰਭਾਲ
2. ਪਸਾਰ ਕਰਨਾ, ਪਾਰਕਾਂ/ਖੁੱਲ੍ਹੀਆਂ ਥਾਵਾਂ ਨੂੰ ਬਿਹਤਰ ਬਣਾਉਣਾ
3. ਮੁਢਲੇ ਬਚਪਨ ਦੀ ਪੜ੍ਹਾਈ ਵਿੱਚ ਪੂੰਜੀ ਲਾਉਣੀ

*"ਤੁਹਾਡੀ ਕੌਂਸਲ ਮੈਂਬਰ ਵਜੋਂ ਅਤੇ NYC ਸਰਕਾਰ ਵਿੱਚ ਚੁਣੀ ਗਈ ਪਹਿਲੀ ਭਾਰਤੀ ਅਮਰੀਕੀ ਦੇ ਤੌਰ 'ਤੇ, ਮੈਂ ਉਹਨਾਂ ਸ੍ਰੋਤਾਂ ਅਤੇ ਇੱਕ ਅਜਿਹਾ ਸ਼ਹਿਰ, ਜੋ ਸਾਰਿਆਂ ਲਈ ਕੰਮ ਕਰਦਾ ਹੈ, ਲਈ ਜੱਦੋ-ਜਹਿਦ ਕਰਨ ਲਈ ਫਿਰ ਤੋਂ ਚੋਣ ਲੜ ਰਹੀ ਹਾਂ, ਜਿਹੜੇ ਭਾਈਚਾਰੇ ਇਹਨਾਂ ਦੇ ਹੱਕਦਾਰ ਹਨ।*

*ਮੈਨੂੰ ਉਸ ਕੰਮ 'ਤੇ ਮਾਣ ਹੈ, ਜਿਵੇਂ ਅਸੀਂ ਐਲਮਹਰਸਟ ਹਸਪਤਾਲ ਲਈ ਜੀਵਨ ਬਚਾਉਣ ਲਈ ਕੀਤੀ ਗਈ ਪੂੰਜੀਕਾਰੀ, ਪ੍ਰਵਾਸੀ ਪਰਿਵਾਰਾਂ ਦੀ ਮਦਦ ਲਈ ਪ੍ਰੋਗਰਾਮ, ਸਾਡੇ ਭਾਈਚਾਰੇ ਦੀ ਪਹਿਲੀ ਡੌਗ ਦੌੜ ਤੋਂ ਲੈਕੇ ਸ਼ਹਿਰ ਦੇ ਇਤਿਹਾਸ ਵਿੱਚ ਪਾਰਕਾਂ ਲਈ ਸਭ ਤੋਂ ਵੱਡੇ ਬਜਟ ਤੱਕ, ਜੋ ਕੁਝ ਵੀ ਹਾਸਿਲ ਕੀਤਾ ਹੈ।*

*ਇਕੱਠਿਆਂ, ਅਸੀਂ ਇੱਕ ਅਜਿਹਾ ਸ਼ਹਿਰ ਉਸਾਰ ਸਕਦੇ ਹਾਂ, ਜਿੱਥੇ ਸਾਰਿਆਂ ਨੂੰ ਸਿਹਤ-ਸੰਭਾਲ, ਪਾਰਕਾਂ ਅਤੇ ਖੁੱਲ੍ਹੀ ਥਾਂ ਅਤੇ ਜਿੱਥੇ ਕੰਮ ਕਰਨ ਵਾਲੇ ਸਾਰੇ ਪਰਿਵਾਰਾਂ ਨੂੰ ਉਹਨਾਂ ਦੇ ਛੋਟੇ ਬੱਚਿਆਂ ਨੂੰ ਮੁਫ਼ਤ ਸੰਭਾਲ ਮਿਲੇ।*

*ਇਹੀ ਭਵਿੱਖ ਹੈ, ਜਿਸ ਲਈ ਮੈਂ ਜੱਦੋ-ਜਹਿਦ ਕਰ ਰਹੀ ਹਾਂ।"*

**ਮੌਜੂਦਾ ਕੰਮ-ਧੰਦਾ:** NYC ਕੌਂਸਲ ਮੈਂਬਰ

**ਪਿਛਲਾ ਕੰਮ-ਧੰਦਾ:** ਸਿਵਿਲ ਹੱਕਾਂ ਬਾਰੇ ਵਕੀਲ

**ਪੜ੍ਹਾਈ:** ਕੂਪਰ ਯੂਨੀਅਨ (ਇੰਜੀਨੀਅਰਿੰਗ), ਮਿਸ਼ੀਗਨ ਯੂਨੀਵਰਸਿਟੀ ਲੱਾਅ ਸਕੂਲ

**ਸੰਸਥਾਗਤ ਸਬੰਧ:** ਲਾਗੂ/ਨਹੀਂ

**ਪਹਿਲਾਂ ਦਾ ਸਰਕਾਰੀ ਅਨੁਭਵ:** ਕੌਂਸਲ ਮੈਂਬਰ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ



## ਰਿਕਾਰਡੋ J ਪਚੇਕੋ

ਲੋਕਰਾਜੀ

**ਮੁੱਖ 3 ਮਸਲੇ:**

1. ਜਨਤਕ ਸੁਰੱਖਿਆ
2. ਸਿੱਖਿਆ
3. ਢੁਕਵੀਆਂ ਹਰਿਆਵਲ ਥਾਵਾਂ

*"ਮੇਰਾ ਨਾਂ ਰਿਕਾਰਡੋ J ਪਚੇਕੋ ਹੈ ਅਤੇ ਮੈਂ ਜੈਕਸਨ ਹਾਈਟਸ ਅਤੇ ਐਲਮਹਰਸਟ ਦੀ ਨੁਮਾਇੰਦਗੀ ਕਰਨ ਵਾਲੀ ਸਿਟੀ ਕੌਂਸਲ ਸੀਟ ਲਈ ਚੋਣ ਲੜ ਰਿਹਾ ਹਾਂ।*

*ਮੈਂ ਇੱਕ ਪ੍ਰਵਾਸੀ ਹਾਂ; NYC ਪਬਲਿਕ ਸਕੂਲ ਸਿਸਟਮ ਦਾ ਵਿਦਿਆਰਥੀ ਹਾਂ; ਮਾਣਮੱਤਾ US ਮੈਰੀਨ ਸਾਰਜੈਂਟ; ਰਿਟਾਇਰਡ NYPD ਸਾਰਜੈਂਟ; SELFHELP/NORC ਸੀਨੀਅਰਸ ਸਲਾਹਕਾਰੀ ਬੋਰਡ ਦਾ ਮੌਜੂਦਾ ਪ੍ਰਧਾਨ; ਜੈਕਸਨ ਹਾਈਟਸ ਕੋਆੱਪਸ ਅਲਾਇੰਸ ਦਾ ਪ੍ਰਧਾਨ; IS145 ਵਿਖੇ ਸਾਬਕਾ PTA ਪ੍ਰਧਾਨ; 7 ਸਾਲ ਲਈ ਆਪਣੇ ਕੋ-ਆੱਪ ਲਈ ਬੋਰਡ ਪ੍ਰਧਾਨ; ਇੱਕ ਪੁੱਤਰ ਅਤੇ ਤਿੰਨ ਬੱਚਿਆਂ ਦਾ ਮਾਣਮੱਤਾ ਦਾਦਾ; ਮਾਣਮੱਤਾ ਅਤੇ ਆਉਟ ਗੇਅ ਲੈਟਿਨੋ ਮਰਦ ਅਤੇ ਗੇਅ ਆੱਫ਼ਿਸਰਜ਼ ਐਕਸ਼ਨ ਲੀਗ ਲਈ ਸਾਬਕਾ VP.*

*ਮੈਂ ਆਪਣੇ ਭਾਈਚਾਰੇ ਦਾ ਸਮਰਪਿਤ ਅਤੇ ਨਿਮਰ ਮੈਂਬਰ ਹਾਂ, ਜੋ ਬੱਸ ਤਬਦੀਲੀ ਚਾਹ ਰਿਹਾ ਹੈ। ਮੈਂ ਸਤਿਕਾਰ ਸਹਿਤ ਤੁਹਾਡੀ ਵੋਟ ਲਈ ਕਹਿ ਰਿਹਾ ਹਾਂ।"*

**ਮੌਜੂਦਾ ਕੰਮ-ਧੰਦਾ:** ਰਿਟਾਇਰਡ NYPD ਸਾਰਜੈਂਟ

**ਪਿਛਲਾ ਕੰਮ-ਧੰਦਾ:** NYPD ਸਾਰਜੈਂਟ

**ਪੜ੍ਹਾਈ:** ਜਾੱਨ ਜੇਅ ਕਾੱਲਿਜ

**ਸੰਸਥਾਗਤ ਸਬੰਧ:** NORC, ਗਠਜੋੜ, ਟੀਚਾ

**ਪਹਿਲਾਂ ਦਾ ਸਰਕਾਰੀ ਅਨੁਭਵ:** US ਮੈਰੀਨਸ, NYPD

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ

# ਉਮੀਦਵਾਰਾਂ ਦੀ ਤੁਲਨਾ ਕਰਨੀ

**ਜਿੱਥੇ ਉਮੀਦਵਾਰ ਸਮਾਜ ਵਿਚਲੀਆਂ ਸਮੱਸਿਆਵਾਂ ਬਾਰੇ ਤੁਹਾਡੀ ਰਾਇ ਜਾਣਨਾ ਚਾਹੁੰਦੇ ਹਨ, ਜੋ ਤੁਹਾਡੇ ਲਈ ਬਹੁਤ ਅਹਿਮ ਹਨ ਅਤੇ ਫਿਰ ਨਾਲੋਂ-ਨਾਲ ਉਹਨਾਂ ਦੀ ਰਾਇ ਦੀ ਤੁਲਨਾ ਕਰਨ ਵਾਸਤੇ ਸਾਡੀ ਆੱਨਲਾਈਨ ਵੋਟਰ ਗਾਈਡ 'ਤੇ ਜਾਓ।**

**ਇੱਥੇ ਸਕੈਨ ਕਰੋ ਜਾਂ punjabi.nycvotes.org/compare 'ਤੇ ਜਾਓ**

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

| | ਫ਼ਾਤਿਮਾ ਬਰਯਾਬ* ਲੋਕਰਾਜੀ | ਸ਼ੇਖਰ ਕ੍ਰਿਸ਼ਨਨ ✓ ਲੋਕਰਾਜੀ |
|---|---|---|
| **ਅਪਰਾਧ** | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। | ਹਰੇਕ ਨੂੰ - ਘਰ ਵਿੱਚ, ਸਬਵੇਅ ਵਿੱਚ, ਜਾਂ ਧਾਰਮਿਕ ਥਾਂ 'ਤੇ - ਸੁਰੱਖਿਅਤ ਮਹਿਸੂਸ ਹੋਣ ਦਾ ਹੱਕ ਹੈ। ਸੁਰੱਖਿਆ, ਸਾਡੀ ਸਰਕਾਰ ਦੀ ਸਭ ਤੋਂ ਮਹੱਤਵਪੂਰਣ ਜ਼ਿੰਮੇਵਾਰੀ ਹੈ। ਸਾਨੂੰ ਮਾਨਸਿਕ ਸਿਹਤ ਅਤੇ ਰਿਹਾਇਸ਼ ਤੋਂ ਭਾਈਚਾਰਕ ਸੈਂਟਰਾਂ ਤੱਕ ਵਿਆਪਕ ਢੰਗ-ਤਰੀਕਿਆਂ ਦੀ ਲੋੜ ਹੈ। ਅਸੀਂ ਭਾਈਚਾਰਿਆਂ ਵਿੱਚ ਛੇਤੀ ਪੂੰਜੀ ਲਾਕੇ ਉਹਨਾਂ ਨੂੰ ਸੁਰੱਖਿਅਤ ਰੱਖਦੇ ਹਾਂ। |
| **ਮਹਿੰਗਾਈ** | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। | ਜਦੋਂ ਹਰੇਕ ਨਿਊ ਯਾਰਕ ਵਾਸੀ ਕੋਲ, ਉਹਨਾਂ ਦੇ ਪਰਿਵਾਰ ਅਤੇ ਉਹਨਾਂ ਦੇ ਗੁਆਂਢਚਾਰੇ ਕੋਲ ਖ਼ੁਸ਼ਹਾਲ ਹੋਣ ਲਈ ਸ੍ਰੋਤ ਉਪਲਬਧ ਹੁੰਦੇ ਹਨ, ਤਾਂ ਸਾਡਾ ਅਰਥਚਾਰਾ ਵੀ ਖ਼ੁਸ਼ਹਾਲ ਹੁੰਦਾ ਹੈ। ਮਹਿੰਗਾਈ ਨਾਲ ਨਜਿੱਠਣ ਦਾ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ ਇੱਕ ਅਜਿਹਾ ਸ਼ਹਿਰ ਬਣਾਉਣਾ ਹੈ, ਜਿੱਥੇ ਹਰ ਕਿਸੇ ਨੂੰ ਸਤਿਕਾਰ ਵਾਲੀ ਤਨਖ਼ਾਹ ਮਿਲਦੀ ਹੋਵੇ ਅਤੇ ਕੁਆਲਿਟੀ ਵਾਲੀ ਸਿਹਤ ਸੰਭਾਲ, ਕਿਫ਼ਾਇਤੀ ਘਰ ਅਤੇ ਬਾਲ-ਸੰਭਾਲ ਮਿਲਦੀ ਹੈ। |
| **ਲੋਕਰਾਜ ਦੀ ਰਾਖੀ ਕਰਨਾ** | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। | ਵੋਟ ਪਾਉਣਾ ਇੱਕ ਮੂਲ ਹੱਕ ਹੈ। ਅਸੀਂ ਇਹ ਯਕੀਨੀ ਬਣਾਕੇ ਆਪਣੇ ਲੋਕਰਾਜ ਦੀ ਰਾਖੀ ਕਰਦੇ ਹਾਂ ਕਿ ਹਰ ਕੋਈ ਪੱਖਪਾਤ ਤੋਂ ਮੁਕਤ ਹੋਕੇ ਇਸ ਹੱਕ ਦੀ ਵਰਤੋਂ ਕਰ ਸਕੇ। ਸਾਨੂੰ ਵੋਟਿੰਗ ਨੂੰ ਸੌਖਾ ਅਤੇ ਵੱਧ ਪਹੁੰਚਯੋਗ ਬਣਾਉਣਾ ਚਾਹੀਦਾ ਹੈ। ਕੌਂਸਲ ਮੈਂਬਰ ਹੋਣ ਵਜੋਂ, ਮੈਂ ਵੋਟਿੰਗ ਦੇ ਹੱਕਾਂ ਦੀ ਰਾਖੀ ਕਰਨ ਲਈ ਸਖ਼ਤ ਸੰਘਰਸ਼ ਕੀਤਾ ਹੈ ਅਤੇ ਅਜਿਹਾ ਕਰਦੀ ਰਹਾਂਗੀ। |

## ਰਿਕਾਰਡੋ J ਪਚੇਕੋ ✓

ਲੋਕਰਾਜੀ

ਮੈਂ ਲੋਕਾਂ ਨੂੰ ਸੁਰੱਖਿਅਤ ਰੱਖਣ ਲਈ ਲੋੜੀਂਦੇ ਸ੍ਰੋਤਾਂ ਨਾਲ ਪੁਲਿਸਿੰਗ ਲਈ ਇੱਕ ਸੰਤੁਲਿਤ ਪਹੁੰਚ ਦੀ ਹਿਮਾਇਤ ਕਰਦਾ ਹਾਂ ਅਤੇ ਉਹਨਾਂ ਸੇਵਾਵਾਂ ਦੀ ਲੋੜ ਵਾਲੇ ਲੋਕਾਂ ਦੀ ਸੇਵਾ ਕਰਨ ਲਈ ਵਿਆਪਕ ਮਾਨਸਿਕ ਸਿਹਤ ਸੇਵਾਵਾਂ ਦੀ ਵੀ ਹਿਮਾਇਤ ਕਰਦਾ ਹਾਂ।

ਸਥਿਰ ਅਤੇ ਘੱਟ-ਆਮਦਨੀ ਵਾਲੇ ਪਰਿਵਾਰ ਆਪਣੀ ਆਮਦਨ ਦਾ ਵੱਡਾ ਹਿੱਸਾ ਘਰ, ਬਿਜਲੀ, ਆਵਾਜਾਈ ਅਤੇ ਭੋਜਨ ਵਰਗੀਆਂ ਜ਼ਰੂਰੀ ਚੀਜ਼ਾਂ 'ਤੇ ਖ਼ਰਚ ਕਰਦੇ ਹਨ।

ਛੋਟੇ ਕਾਰੋਬਾਰ ਅਤੇ ਛੋਟੇ ਮਕਾਨ ਮਾਲਕਾਂ ਨੂੰ ਟੈਕਸ ਦੀ ਰਾਹਤ ਦੇਣਾ। ਨੌਕਰੀ ਸਿਰਜਣੀ। ਕਿਫ਼ਾਇਤੀ ਟ੍ਰਾਂਸਪੋਰਟੇਸ਼ਨ

ਮੈਂ ਇੱਕ ਮਜ਼ਬੂਤ ਮੁਹਿੰਮ ਦੇ ਫ਼ਾਇਨਾਂਸ ਸਿਸਟਮ ਦੀ ਹਿਮਾਇਤ ਕਰਦਾ ਹਾਂ ਅਤੇ ਇਹ ਯਕੀਨੀ ਬਣਾਉਂਦਾ ਹਾਂ ਕਿ ਸਾਰਿਆਂ ਦੇ ਵੋਟਿੰਗ ਦੇ ਹੱਕ ਸੁਰੱਖਿਅਤ ਰਹਿਣ। ਵੋਟਰਾਂ ਦੀ ਭਾਈਵਾਲੀ ਨੂੰ ਉਤਸਾਹਿਤ ਕਰਨਾ।

# ਚੋਣ ਅਲਰਟ ਲਓ

**ਟੈਕਸਟ ਜਾਂ ਈਮੇਲ ਕਰਕੇ ਚੋਣ ਅਲਰਟ ਲਈ ਸਾਈਨ ਅਪ ਕਰੋ! ਮੁੱਖ ਅੰਤਮ-ਤਾਰੀਖ਼ਾਂ ਅਤੇ ਵੋਟ ਕਦੋਂ ਪਾਓ, ਬਾਰੇ ਚੌਕਸ ਰਹੋ।**

**ਇੱਥੇ ਸਕੈਨ ਕਰੋ ਜਾਂ nycvotes.org/stay-informed 'ਤੇ ਜਾਓ**

# ਸਿਟੀ ਕੌਂਸਲ ਡਿਸਟ੍ਰਿਕਟ 26

**ਲੋਕਰਾਜੀ**

- ਹੈਲੀ ਕਿਮ ✓
- ਜੂਲੀ ਵੌਂਨ ✓

✓ ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 45 'ਤੇ ਹੋਰ ਜਾਣੋ।

ਉਮੀਦਵਾਰਾਂ ਦੀ ਬਿਲਕੁਲ ਨਵੀਂ ਸੂਚੀ ਵੇਖਣ ਲਈ, ਉਮੀਦਵਾਰ ਦੀ ਵੀਡੀਓ ਦਾ ਪਤਾ ਲਾਓ, ਮਸਲੇ ਦੀਆਂ ਸਥਿਤੀਆਂ ਦਾ ਮੁਕਾਬਲਾ ਕਰਨ ਲਈ ਅਤੇ ਮਸਲੇ ਦੀਆਂ ਸਥਿਤੀਆਂ ਦਾ ਮੁਕਾਬਲਾ ਕਰਨ ਲਈ **punjabi.nycvotes.org/candidates** 'ਤੇ ਜਾਓ।



## ਹੈਲੀ ਕਿਮ ✓

ਲੋਕਰਾਜੀ

**ਮੁੱਖ 3 ਮਸਲੇ:**

1. ਸਿੱਖਿਆ ਵਿਚਲੀਆਂ ਕਟੌਤੀਆਂ ਨੂੰ ਬਹਾਲ ਕਰਨਾ
2. ਕਿਫ਼ਾਇਤੀ ਰਿਹਾਇਸ਼ ਅਤੇ ਕਿਰਾਏਦਾਰਾਂ ਦੀ ਰਾਖੀ
3. ਨਸਲੀ ਅਤੇ ਆਰਥਕ ਨਿਆ

*"ਹੈਲੀ ਦਾ ਜਨਮ ਦੱਖਣੀ ਕੋਰੀਆ, ਸਿਓਲ ਵਿੱਚ ਹੋਇਆ ਸੀ ਅਤੇ ਸਨੀਸਾਈਡ, ਕੁਈਨਸ ਵਿੱਚ ਪਰਵਰਿਸ਼ ਹੋਈ ਸੀ। ਇੱਕ ਐਜੂਕੇਟਰ ਅਤੇ ਕਾਰਕੁਨ, ਹੈਲੀ ਆਪਣੇ ਸਮੁੱਚੇ ਕੈਰੀਅਰ ਵਿੱਚ ਨਿਊਯਾਰਕ ਦੇ ਪਰਿਵਾਰਾਂ ਲਈ ਜੱਦੋ-ਜਹਿਦ ਕਰਦੇ ਰਹੇ ਹਨ। ਉਹ ਨੇਲ ਟੈਕਨੀਸ਼ੀਅਨ ਅਤੇ ਘਰੇਲੂ ਸੰਭਾਲ ਵਰਕਰ ਦੀ ਮਾਣਮੱਤੀ ਧੀ ਹੈ। ਹੈਲੀ ਨੂੰ ਨਿਊਯਾਰਕ ਦੇ ਕੰਮ ਕਰਨ ਵਾਲੇ ਪਰਿਵਾਰਾਂ ਦੀ ਸ਼੍ਰੇਣੀ ਨੂੰ ਦਰਪੇਸ਼ ਸੰਘਰਸ਼ਾਂ ਬਾਰੇ ਪਤਾ ਹੈ ਅਤੇ ਉਹ ਉਸ ਭੂਮਿਕਾ ਨੂੰ ਸਮਝਦੇ ਹਨ, ਜਿਹੜੀ ਦੌੜ ਅਤੇ ਆਰਥਕ ਸਥਿਤੀ ਉਹਨਾਂ ਵੰਗਾਰਾਂ ਨੂੰ ਹੋਰ ਤੇਜ਼ ਹੈ। ਸਿਟੀ ਹਾਲ ਵਿੱਚ ਹੈਲੀ ਤੁਹਾਡੇ ਪਰਿਵਾਰ ਦੇ ਹਿਮਾਇਤੀ ਹੋਣਗੇ ਅਤੇ ਸਾਡੇ ਸਕੂਲਾਂ ਅਤੇ ਭਾਈਚਾਰਿਆਂ ਲਈ ਫ਼ੰਡਾਂ ਵਿੱਚ ਕੀਤੀ ਕਟੌਤੀ ਨੂੰ ਵਾਪਸ ਲਿਆਉਣ ਲਈ ਅਣਥੱਕ ਮਿਹਨਤ ਕਰਨਗੇ।"*

**ਮੌਜੂਦਾ ਕੰਮ-ਧੰਦਾ:** ਸਹਾਇਕ, SUNY ਓਲਡ ਵੈਸਟਬਰੀ

**ਪਿਛਲਾ ਕੰਮ-ਧੰਦਾ:** ਰਿਹਾਇਸ਼ ਆੱਰਗਨਾਈਜ਼ਰ, ਕਮਿਉਨਿਟੀ ਐਕਸ਼ਨ ਲਈ ਮਿੰਕਵੌਨ ਸੈਂਟਰ; ਸਹਾਇਕ, ਹੰਟਰ ਕਾੱਲਿਜ

**ਪੜ੍ਹਾਈ:** MA- ਹੰਟਰ ਕਾੱਲਿਜ; BA-SUNY ਪਰਚੇਜ਼

**ਸੰਸਥਾਗਤ ਸਬੰਧ:** ਡੈਮੋਕ੍ਰੈਟਿਕ ਸੋਸ਼ਲਿਸਟ ਆੱਫ਼ ਅਮਰੀਕਾ, ਵਰਕਿੰਗ ਫ਼ੈਮਿਲੀਜ਼ ਪਾਰਟੀ

**ਪਹਿਲਾਂ ਦਾ ਸਰਕਾਰੀ ਅਨੁਭਵ:** ਲਾਗੂ/ਨਹੀਂ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ



## ਜੂਲੀ ਵੌਨ

ਲੋਕਰਾਜੀ

**ਮੁੱਖ 3 ਮਸਲੇ:**

1. ਕਿਫ਼ਾਇਤੀ ਰਿਹਾਇਸ਼ ਅਤੇ ਵਿਆਪਕ ਯੋਜਨਾਬੰਦੀ
2. ਸਿੱਖਿਆਂ ਅਤੇ ਹਰਿਆਵਲ ਥਾਵਾਂ ਵਿੱਚ ਪੂੰਜੀਕਾਰੀ ਲਾਉਣੀ
3. ਭਾਈਚਾਰੇ-ਅਧਾਰਿਤ ਜਨਤਕ ਸੁਰੱਖਿਆ ਨੂੰ ਯਕੀਨੀ ਬਣਾਉਣਾ

*"ਕੌਂਸਲ ਮੈਂਬਰ ਵਜੋਂ, ਮੈਂ ਸਿਟੀ ਹਾਲ ਵਿੱਚ ਆਪਣੇ ਭਾਈਚਾਰੇ ਦੀ ਅਵਾਜ਼ ਬਣਕੇ ਮਾਣ ਮਹਿਸੂਸ ਕਰ ਰਹੀ ਹਾਂ! ਆਪਣੇ ਪਹਿਲੇ ਸਾਲ ਵਿੱਚ, ਮੈਂ ਡਿਸਟ੍ਰਿਕਟ ਵਿੱਚ NYCHA ਦੇ ਸਾਰੇ ਵਸਨੀਕਾਂ ਲਈ ਕਿਫ਼ਾਇਤੀ ਰਿਹਾਇਸ਼ ਦੀਆਂ 1,622 ਯੂਨਿਟਾਂ, ਗਾਰੰਟੀਸ਼ੁਦਾ ਮੁਫ਼ਤ WiFi, ਕੇਬਲ ਅਤੇ ਸੈਲ ਸੇਵਾ ਨੂੰ ਮੰਜ਼ੂਰੀ ਦਿੱਤੀ ਸੀ ਅਤੇ ਆਪਣੇ ਗੁਆਂਢਚਾਰਿਆਂ ਲਈ $50 ਮਿਲੀਅਨ ਤੋਂ ਵੱਧ ਫ਼ੰਡਿੰਗ ਪ੍ਰਾਪਤ ਕੀਤੀ ਸੀ – ਇਸ ਵਿਚੋਂ $11 ਮਿਲੀਅਨ ਆਪਣੇ ਸਥਾਨਕ ਸਕੂਲਾਂ ਲਈ ਅਤੇ ਆਪਣੇ ਪਾਰਕਾਂ ਨੂੰ ਨਵਿਆਉਣ ਲਈ $15 ਮਿਲੀਅਨ ਸ਼ਾਮਿਲ ਹਨ। ਸਥਾਨਕ ਮਾਂ, ਪ੍ਰਵਾਸੀ ਅਤੇ ਕਿਰਾਏਦਾਰ ਵਜੋਂ, ਮੈਂ ਕਿਫ਼ਾਇਤੀ ਰਿਹਾਇਸ਼ ਦੇ ਸੰਕਟ ਨੂੰ ਖ਼ਤਮ ਕਰਨ ਅਤੇ ਸ਼ਹਿਰੀ ਸਰਕਾਰ ਨੂੰ ਲੋਕਾਂ ਦੀ ਬਿਹਤਰ ਢੰਗ ਨਾਲ ਸੇਵਾ ਦੇਣ ਲਈ ਜੱਦੋ-ਜਹਿਦ ਕਰ ਰਹੀ ਹਾਂ।"*

**ਮੌਜੂਦਾ ਕੰਮ-ਧੰਦਾ:** ਕੌਂਸਲ ਮੈਂਬਰ

**ਪਿਛਲਾ ਕੰਮ-ਧੰਦਾ:** ਡਿਜੀਟਲ ਸਟ੍ਰੈਟਜੀ ਸਲਾਹਕਾਰ

**ਪੜ੍ਹਾਈ:** ਸਾਇਰਾਕੌਜ਼ ਯੂਨੀਵਰਸਿਟੀ

**ਸੰਸਥਾਗਤ ਸਬੰਧ:** ਮੌਜੂਦਾ ਕੌਂਸਲ ਮੈਂਬਰਵਜੋਂ ਕੋਈ ਵੀ ਨਹੀਂ

**ਪਹਿਲਾਂ ਦਾ ਸਰਕਾਰੀ ਅਨੁਭਵ:** ਭਾਈਚਾਰੇ ਸਬੰਧੀ ਬੋਰਡ 2, ਕੁਈਨਸ ਬਰੋ ਦਾ ਪ੍ਰਧਾਨ ਦੇ 2020 ਸੈਂਸਿਜ਼ ਕੰਪਲੀਟ ਕਾਉਂਟ ਕਮੇਟੀ: ਫ਼ਾਉਂਡਰ ਟੈਕਨੋਲੌਜੀ ਐਕਸ਼ਨ ਗਰੁਪ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ

# ਚੋਣ ਅਲਰਟ ਲਓ

**ਟੈਕਸਟ ਜਾਂ ਈਮੇਲ ਕਰਕੇ ਚੋਣ ਅਲਰਟ ਲਈ ਸਾਈਨ ਅਪ ਕਰੋ! ਮੁੱਖ ਅੰਤਮ-ਤਾਰੀਖ਼ਾਂ ਅਤੇ ਵੋਟ ਕਦੋਂ ਪਾਓ, ਬਾਰੇ ਚੌਕਸ ਰਹੋ।**

**ਇੱਥੇ ਸਕੈਨ ਕਰੋ ਜਾਂ nycvotes.org/stay-informed 'ਤੇ ਜਾਓ**

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

| | **ਹੈਲੀ ਕਿਮ** ✓<br>ਲੋਕਰਾਜੀ | **ਜੂਲੀ ਵੌਨ** ✓<br>ਲੋਕਰਾਜੀ |
|---|---|---|
| **ਅਪਰਾਧ** | ਸਾਨੂੰ ਗਰੀਬੀ ਨਾਲ ਲੜਕੇ, ਰਿਹਾਇਸ਼ ਦੇਕੇ, ਅਤੇ ਮਾਨਸਿਕ ਸਿਹਤ ਸੇਵਾਵਾਂ ਨੂੰ ਫ਼ੰਡ ਦੇਕੇ ਜੁਰਮ ਦੇ ਮੂਲ ਕਾਰਣਾਂ ਨੂੰ ਖ਼ਤਮ ਕਰਨਾ ਚਾਹੀਦਾ ਹੈ। ਭਾਈਚਾਰਿਆਂ ਨੂੰ ਇਕੱਠਿਆਂ ਲਿਆਉਣਾ, ਬਾਈਸਟੈਂਡਰ ਇੰਟਰਵੈਂਸ਼ਨ ਪ੍ਰੋਗਰਾਮ ਅਤੇ ਜ਼ਿੰਦਗੀ ਦੇ ਮਿਆਰ ਵਿੱਚ ਸੁਧਾਰ ਦੇ ਮੁੱਦੇ ਭਾਈਚਾਰਕ ਸੁਰੱਖਿਆ ਦੀ ਕੁੰਜੀ ਹਨ। | ਜਨਤਕ ਸੁਰੱਖਿਆ ਲਈ ਸਿਰਫ਼ ਕਾਨੂੰਨ ਲਾਗੂ ਕਰਨ ਤੋਂ ਇਲਾਵਾ ਇਸਦਾ ਪੂਰਾ ਹੱਲ ਕੱਢਣ ਦੀ ਲੋੜ ਹੁੰਦੀ ਹੈ। ਸਾਨੂੰ ਮਾਨਸਿਕ ਸਿਹਤ ਸਰੋਤਾਂ ਲਈ ਫੰਡ ਨੂੰ ਵਧਾ ਕੇ, ਬਹਾਲ ਕਰਨ ਵਾਲੇ ਨਿਆਂ ਮਾਡਲ ਦਾ ਵਿਸਤਾਰ ਕਰਕੇ, ਨੌਕਰੀ ਦੇ ਮੌਕੇ ਵਧਾ ਕੇ, ਅਤੇ ਕਿਫ਼ਾਇਤੀ ਰਿਹਾਇਸ਼ ਬਣਾਕੇ ਜੁਰਮ ਦੇ ਮੂਲ ਕਾਰਣਾਂ ਦਾ ਇਲਾਜ ਕਰਨਾ ਚਾਹੀਦਾ ਹੈ। |
| **ਮਹਿੰਗਾਈ** | ਕਈ ਪਰਿਵਾਰ ਸਿਹਤਮੰਦ ਕਰਿਆਨੇ ਦੇ ਸਮਾਨ ਵਰਗੀਆਂ ਬੁਨਿਆਦੀ ਲੋੜਾਂ ਨੂੰ ਪੂਰਾ ਨਹੀਂ ਕਰ ਸਕਦੇ ਹਨ, ਕਿਉਂਕਿ ਕੀਮਤ ਵਧਦੀ ਹੈ, ਪਰ ਉਜਰਤ ਉੱਥੇ ਹੀ ਰਹਿੰਦੀ ਹੈ। ਸਾਨੂੰ ਸ਼ਹਿਰ ਦੇ ਬਜਟ ਵਿੱਚ ਫ਼ੌਰੀ ਸ੍ਰੋਤਾਂ ਨੂੰ ਇਹ ਯਕੀਨੀ ਬਣਾਉਣ ਲਈ ਇਸਤੇਮਾਲ ਕਰਨਾ ਚਾਹੀਦਾ ਹੈ ਕਿ ਮਹਿੰਗਾਈ ਦਾ ਅਸਰ ਨਿਊਯਾਰਕ ਦੇ ਪਹਿਲਾਂ ਤੋਂ ਕਮਜ਼ੋਰ ਵਸਨੀਕਾਂ ਲਈ ਆਰਥਕ ਤਬਾਹੀ ਪੈਦਾ ਨਾ ਕਰ ਰਿਹਾ ਹੋਵੇ। | ਇੱਕ ਕਿਰਾਏਦਾਰ ਅਤੇ ਇੱਕ ਪੇਰੇਂਟ ਹੋਣ ਦੇ ਨਾਤੇ, ਮੈਂ ਆਪਣੇ ਗੁਆਂਢਚਾਰੇ ਵਿੱਚ ਵਧਦੇ ਕਿਰਾਇਆਂ ਅਤੇ ਲਗਾਤਾਰ ਵੱਧ ਰਹੀ ਰਹਿਣ ਦੀ ਲਾਗਤ ਦੇ ਅਸਰ ਨੂੰ ਮਹਿਸੂਸ ਕਰਦੀ ਹਾਂ। ਇਹੀ ਕਾਰਣ ਹੈ ਕਿ ਮੈਂ ਆਪਣੇ ਗੁਆਂਢਚਾਰੇ ਲਈ ਸਿੱਧੇ ਤੌਰ 'ਤੇ ਸ਼ਹਿਰ ਦੀ ਫ਼ੰਡਿੰਗ ਵਿੱਚੋਂ $50 ਮਿਲੀਅਨ ਤੋਂ ਵੱਧ ਸੁਰੱਖਿਅਤ ਕੀਤੇ ਹਨ, ਅਤੇ ਬਹੁਤ ਜ਼ਰੂਰੀ ਕਿਫ਼ਾਇਤੀ ਮਕਾਨਾਂ ਦੀ ਇਤਿਹਾਸਕ ਮਾਤਰਾ ਲਈ ਸੰਘਰਸ਼ ਕੀਤਾ ਹੈ। |
| **ਲੋਕਰਾਜ ਦੀ ਰਾਖੀ ਕਰਨਾ** | ਇਸ ਦੇਸ਼ ਵਿੱਚ ਲੋਕਰਾਜ 'ਤੇ ਹਮਲੇ ਹੋ ਰਹੇ ਹਨ। ਮੈਂ ਇਹ ਯਕੀਨੀ ਬਣਾਉਣ ਲਈ ਕੰਮ ਕਰਾਂਗਾ ਕਿ ਨਿਊ ਯਾਰਕ ਸ਼ਹਿਰ ਸਮੁੱਚੇ ਤੌਰ 'ਤੇ ਲੋਕਰਾਜ ਦਾ ਪ੍ਰਤੀਕ ਹੈ, ਜਿਸ ਵਿੱਚ ਵੋਟਿੰਗ ਦੇ ਹੱਕਾਂ ਦੇ ਪਸਾਰ ਅਤੇ ਵਧੀਆਂ ਹੋਈਆਂ ਰਜਿਸਟ੍ਰੇਸ਼ਨ ਦਰਾਂ ਤੋਂ ਲੈ ਕੇ ਚੋਣਾਂ ਤੱਕ ਵੋਟਰਾਂ ਦੀ ਪਹੁੰਚ ਨੂੰ ਬਿਹਤਰ ਬਣਾਉਣਾ ਸ਼ਾਮਿਲ ਹੈ। | ਕੌਂਸਲ ਮੈਂਬਰ ਹੋਣ ਵਜੋਂ, ਇਹ ਮੇਰਾ ਫ਼ਰਜ਼ ਹੈ ਕਿ ਮੈਂ ਆਪਣੇ ਵੋਟਰਾਂ ਦੇ ਵੋਟ ਪਾਉਣ ਦੇ ਹੱਕ ਦੀ ਰਾਖੀ ਕਰਾਂ, ਅਤੇ ਵੋਟ-ਪਰਚੀ ਦੇ ਰਾਹ ਵਿੱਚ ਆਉਣ ਵਾਲੀਆਂ ਰੁਕਾਵਟਾਂ ਦੂਰ ਕਰਾਂ। ਮੈਂ ਵੋਟਰਾਂ ਦੇ ਹੱਕਾਂ ਦੀ ਰਾਖੀ ਕਰਨ, ਅਗਾਊਂ ਵੋਟਿੰਗ ਦੇ ਸਮਿਆਂ ਅਤੇ ਥਾਵਾਂ ਦਾ ਪਸਾਰ ਕਰਨ, ਡਾਕ ਰਾਹੀਂ ਵੋਟਿੰਗ ਨੂੰ ਸੌਖਾ ਬਣਾਉਣ ਅਤੇ ਹੋਰ ਬਹੁਤ ਕੁਝ ਕਰਨ ਦੇ ਢੰਗ-ਤਰੀਕਿਆਂ ਦੀ ਪੂਰੀ ਤਰ੍ਹਾਂ ਹਿਮਾਇਤ ਕਰਦੀ ਹਾਂ। |

# ਸਿਟੀ ਕੌਂਸਲ ਡਿਸਟ੍ਰਿਕਟ 27 ਅਤੇ 28 ਵਿੱਚ ਪ੍ਰਮੁੱਖ ਚੋਣਾਂ ਨਹੀਂ ਹਨ

**ਪ੍ਰਮੁੱਖ ਚੋਣਾਂ ਉਦੋਂ ਹੀ ਹੁੰਦੀਆਂ ਹਨ, ਜਦੋਂ ਉਹਨਾਂ ਦੀ ਪਾਰਟੀ ਦੀ ਨਾਮਜ਼ਦਗੀ ਲਈ ਇੱਕ ਤੋਂ ਵੱਧ ਉਮੀਦਵਾਰ ਚੋਣ ਲੜਦੇ ਹਨ। ਹਾਲਾਂਕਿ, ਨਵੰਬਰ ਵਿੱਚ ਇਹਨਾਂ ਸਿਟੀ ਕੌਂਸਲ ਡਿਸਟ੍ਰਿਕਟ ਲਈ ਆਮ ਚੋਣਾਂ ਕਰਾਈਆਂ ਜਾਣਗੀਆਂ।**

## ਆਪਣੀ ਵੋਟ-ਪਰਚੀ ਦਾ ਪਲਾਨ ਬਣਾਓ

ਕੀ ਤੁਸੀਂ ਆਪਣੇ ਉਮੀਦਵਾਰਾਂ ਦੀ ਚੋਣ ਕਰਨੀ ਬੰਦ ਕਰ ਦਿੱਤੀ ਹੈ? ਆਪਣੀ ਵੋਟਾਂ ਪੈਣ ਦੀ ਥਾਂ 'ਤੇ ਆਪਣੇ ਨਾਲ ਆਪਣੀਆਂ ਤਸਵੀਰਾਂ ਲਿਜਾਣ ਲਈ ਸੇਵ ਕਰੋ!

ਇੱਥੇ ਸਕੈਨ ਕਰੋ ਜਾਂ **punjabi.nycvotes.org/plan-your-ballot** 'ਤੇ ਜਾਓ

# ਸਿਟੀ ਕੌਂਸਲ ਡਿਸਟ੍ਰਿਕਟ 29

**ਲੋਕਰਾਜੀ**

- ਇਥਾਨ ਮਿਸ਼ੇਲ ਫ਼ੈਲਡਰ
- ਲਿਨ C ਸ਼ੁਲਮੈਨ
- ਸੁਖੀ ਸਿੰਘ

ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 45 'ਤੇ ਹੋਰ ਜਾਣੋ।

ਉਮੀਦਵਾਰਾਂ ਦੀ ਬਿਲਕੁਲ ਨਵੀਂ ਸੂਚੀ ਵੇਖਣ ਲਈ, ਉਮੀਦਵਾਰ ਦੀ ਵੀਡੀਓ ਦਾ ਪਤਾ ਲਾਓ, ਮਸਲੇ ਦੀਆਂ ਸਥਿਤੀਆਂ ਦਾ ਮੁਕਾਬਲਾ ਕਰਨ ਲਈ ਅਤੇ ਮਸਲੇ ਦੀਆਂ ਸਥਿਤੀਆਂ ਦਾ ਮੁਕਾਬਲਾ ਕਰਨ ਲਈ **punjabi.nycvotes.org/candidates** 'ਤੇ ਜਾਓ।

---



## ਇਥਾਨ ਮਿਸ਼ੇਲ ਫ਼ੈਲਡਰ

ਲੋਕਰਾਜੀ

*"ਇੱਕ ਵਕੀਲ ਅਤੇ ਭਾਈਚਾਰਕ ਹਿਮਾਇਤੀ ਹੋਣ ਦੇ ਤੌਰ 'ਤੇ, ਮੈਨੂੰ ਇਸ ਚੋਣ-ਪ੍ਰਚਾਰ 'ਤੇ ਮਾਣ ਹੈ, ਜਿਸ ਵਿੱਚ ਪਬਲਿਕ ਸਕੂਲਾਂ ਦੇ ਮਾਤਾ-ਪਿਤਾ, ਸਾਨੂੰ ਦਰਪੇਸ਼ ਵੰਗਾਰਾਂ ਦਾ ਸਾਹਮਣਾ ਕਰਨ ਲਈ, ਸਾਨੂੰ ਜਿਸ ਤਬਦੀਲੀ ਦੀ ਲੋੜ ਹੈ, ਬਾਰੇ ਲੰਮੇ-ਸਮੇਂ ਤੋਂ ਭਾਈਚਾਰਕ ਲੀਡਰਾਂ ਅਤੇ ਵਿਦਿਆਰਥੀਆਂ ਨੂੰ ਗੁਆਂਢੀਆਂ ਨਾਲ ਸ਼ਾਮਿਲ ਕਰਨਾ।"*

**ਮੌਜੂਦਾ ਕੰਮ-ਧੰਦਾ:** ਕਿਰਤੀਆਂ ਬਾਰੇ ਵਕੀਲ

**ਪਿਛਲਾ ਕੰਮ-ਧੰਦਾ:** ਕਾੱਰਪੋਰੇਟ ਵਕੀਲ

**ਪੜ੍ਹਾਈ:** JD/MBA ਸੇਂਟ ਲੁਇਸ ਵਿੱਚ ਵਾੱਸ਼ਿੰਗਟਨ ਯੂਨੀਵਰਸਿਟੀ B.A. ਕੌਰਨੈਲ ਯੂਨੀਵਰਸਿਟੀ

**ਸੰਸਥਾਗਤ ਸਬੰਧ:** ਟਾਉਨਸੈਂਡ ਹੈਰਿਸ ਹਾਈ ਸਕੂਲ ਐਲੂਮਨੀ ਐਸੋਸੀਏਸ਼ਨ

**ਪਹਿਲਾਂ ਦਾ ਸਰਕਾਰੀ ਅਨੁਭਵ:** ਮੈਂਬਰ, ਭਾਈਚਾਰੇ ਸਬੰਧੀ ਬੋਰਡ 6 2016-2022 ਚੁਣੀ ਹੋਈ ਡੈਮੋਕ੍ਰੈਟਿਕ ਪਾਰਟੀ ਡਿਸਟ੍ਰਿਕਟ ਲੀਡਰ 2020-2022

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ

**ਮੁੱਖ 3 ਮਸਲੇ:**

1. ਢੁਕਵੇਂ ਤਰੀਕੇ ਨਾਲ ਦਿੱਤੀਆਂ ਜਾਣ ਵਾਲੀਆਂ ਰਕਮਾਂ ਨਾਲ ਪੜ੍ਹਾਈ।
2. ਪਬਲਿਕ ਅਤੇ ਟ੍ਰੈਫ਼ਿਕ ਸੁਰੱਖਿਆ।
3. ਵਾਕਈ ਨਵੀਂ ਕਿਫ਼ਾਇਤੀ ਰਿਹਾਇਸ਼



## ਲਿਨ C ਸ਼ੁਲਮੈਨ ✓

ਲੋਕਰਾਜੀ

**ਮੁੱਖ 3 ਮਸਲੇ:**

1. ਸਿਹਤ ਸੰਭਾਲ ਵਿੱਚ ਸੁਧਾਰ ਕਰਨਾ; ਹਸਪਤਾਲ ਦੀ ਸਮਰੱਥਾ ਸਿਰਜਣਾ
2. ਸਾਡੇ ਸਥਾਨਕ ਸਕੂਲਾਂ ਵਿੱਚ ਪੂੰਜੀ ਲਾਉਣੀ
3. ਆਪਣੇ ਸੀਨੀਅਰਾਂ ਅਤੇ ਰਿਟਾਇਰ ਲੋਕਾਂ ਦੀ ਮਦਦ ਕਰਨੀ

*"ਮੈਂ ਨਿਊਯਾਰਕ ਦੇ ਸਾਰੇ ਵਸਨੀਕਾਂ ਲਈ ਕਿਫ਼ਾਇਤੀ ਸਿਹਤ ਸੰਭਾਲ ਅਤੇ ਮੁਹੱਈਆ ਕਰਦੇ ਰਹਿਣ ਲਈ ਮੁੜ ਚੁਣੇ ਜਾਣ ਲਈ ਚੋਣ ਲੜ ਰਹੀ ਹਾਂ। ਆਪਣੀ ਪਹਿਲੀ ਮਿਆਦ ਵਿੱਚ, ਸਿਹਤ ਕਮੇਟੀ ਦੀ ਚੇਅਰਪਰਸਨ ਵਜੋਂ, ਮੈਂ ਔਰਤਾਂ ਦੀ ਸਿਹਤ ਵਿੱਚ ਵਾਧਾ ਕਰਕੇ ਸ਼ਹਿਰ ਭਰ ਵਿਚਲੀ, ਡਾਇਬਟੀਜ਼ ਘਟਾਉਣ ਬਾਰੇ ਪਲਾਨ ਅਤੇ ਸੀਨੀਅਰਾਂ ਲਈ ਸਿਹਤ ਵਿਕਲਪਾਂ ਨੂੰ ਬਿਹਤਰ ਬਣਾਕੇ ਸਿਟੀ ਨੂੰ ਨਰੋਆ ਬਣਾਉਣ ਵਿੱਚ ਮਦਦ ਕੀਤੀ ਹੈ।*

*ਕਿਉਂਕਿ ਅਸੀਂ ਆਪਣੀ ਜ਼ਿੰਦਗੀ ਦੇ ਸਭ ਤੋਂ ਬਦਤਰ ਸਰਕਾਰੀ ਸਿਹਤ ਸੰਕਟ ਤੋਂ ਨਿਜਾਤ ਹਾਸਿਲ ਕੀਤੀ ਹੈ, ਹੁਣ ਇਹ ਪਹਿਲਾਂ ਨਾਲੋਂ ਵੀ ਅਹਿਮ ਹੈ ਕਿ ਫ਼ੌਰੈਸਟ ਹਿੱਲਸ, ਕੀਵ ਗਾਰਡਨ, ਰਿਚਮੰਡ ਹਿੱਲ ਅਤੇ ਰੈਗੋ ਪਾਰਕ ਦੀ ਨੁਮਾਇੰਦਗੀ ਕਰਨ ਵਾਲੀ ਸਿਟੀ ਕੌਂਸਲ ਵਿੱਚ ਇੱਕ ਮਜ਼ਬੂਤ, ਸੁਤੰਤਰ ਅਵਾਜ਼ ਹੋਵੇ।"*

**ਮੌਜੂਦਾ ਕੰਮ-ਧੰਦਾ:** ਕੌਂਸਲ ਮੈਂਬਰ

**ਪਿਛਲਾ ਕੰਮ-ਧੰਦਾ:** NYC ਹੈਲਥ ਐਂਡ ਹਾੱਸਪਿਟਲਸ ਕਾੱਰਪੋਰੇਸ਼ਨ; FDNY-EMS

**ਪੜ੍ਹਾਈ:** ਹਾਰਵਰਡ ਐਗਜ਼ੀਕਿਉਟਿਵ ਲੀਡਰਸ਼ਿਪ ਪ੍ਰੋਗਰਾਮ; JD – ਬਰੂਕਲਿਨ ਲਾੱਅ ਸਕੂਲ; BA - NYU

**ਸੰਸਥਾਗਤ ਸਬੰਧ:** CB 6, CEC 28, 112ਵੀਂ ਪ੍ਰਿਸਿੰਕਟ ਕੌਂਸਲ

**ਪਹਿਲਾਂ ਦਾ ਸਰਕਾਰੀ ਅਨੁਭਵ:** NYC ਕੌਂਸਲ; NYS ਵਿਧਾਨ ਸਭਾ;

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ



## ਸੁਖੀ ਸਿੰਘ ✓

ਲੋਕਰਾਜੀ

**ਮੁੱਖ 3 ਮਸਲੇ:**

1. ਵਿਦਿਅਕ ਬਜਟ ਵਿੱਚ ਕਟੌਤੀ ਨਹੀਂ
2. ਸੁਰੱਖਿਅਤ ਸੜਕਾਂ ਬਣਾਉਣ ਲਈ ਵਚਨਬੱਧ
3. ਕਿਰਾਏ ਦੇ ਸਥਿਰੀਕਰਨ ਕਾਨੂੰਨਾਂ ਦਾ ਵਿਸਤਾਰ ਕਰਨਾ

*"1-ਸਿੱਖਿਆ ਲਈ ਸਿਟੀ ਦੇ ਬਜਟ ਵਿੱਚ ਕਿਸੇ ਵੀ ਕਟੌਤੀ ਲਈ "ਨਹੀਂ" 'ਤੇ ਵੋਟ ਪਾਓ*

*2-ਸਾਰੇ ਸਥਾਨਕ ਭਾਈਚਾਰਿਆਂ ਲਈ ਸੜਕਾਂ ਨੂੰ ਸੁਰੱਖਿਅਤ ਬਣਾਉਣ ਅਤੇ ਨਫ਼ਰਤੀ ਜੁਰਮਾਂ ਅਤੇ ਹਿੰਸਾ ਨਾਲ ਨਜਿੱਠਣ ਲਈ ਵਾਅਦਾ*

*3-ਦਹਾਕਿਆਂ ਪੁਰਾਣੇ ਕਾਨੂੰਨਾਂ, ਜੋ ਕਿਸੇ ਕੰਮ ਦੇ ਨਹੀਂ ਹਨ, ਵਿੱਚ ਤਬਦੀਲੀਆਂ ਕਰਨ ਦੀ ਤਜਵੀਜ਼ ਦੇਕੇ ਕਿਰਾਏ ਨੂੰ ਸਾਵਾਂ ਕਰਨ ਵਾਲੇ ਕਾਨੂੰਨਾਂ ਦਾ ਪਸਾਰ ਕਰਨਾ ਅਤੇ ਕਿਰਾਏਦਾਰਾਂ ਅਤੇ ਮਕਾਨ-ਮਾਲਕਾਂ, ਦੋਹਾਂ ਦੀ ਰਾਖੀ ਕਰਨਾ*

*4-ਸਾਰੀਆਂ ਸਰਕਾਰੀ ਏਜੰਸੀਆਂ ਅਤੇ ਵਿਭਾਗਾਂ ਵਿੱਚ ਸਾਰੀਆਂ ਭਾਸ਼ਾਵਾਂ ਨੂੰ ਯਕੀਨੀ ਬਣਾਉਣਾ*

*5-ਸੈਂਟਰਲ ਅਤੇ ਸਾਊਥ ਈਸਟਰਨ ਕੁਈਨਸ ਲਈ ਆਵਾਜਾਈ ਦੀ ਪਹੁੰਚਯੋਗਤਾ ਵਧਾਉਣ ਲਈ ਕੁਈਨਸਲਿੰਕ ਦੀ ਮਦਦ ਕਰਨੀ"*

**ਮੌਜੂਦਾ ਕੰਮ-ਧੰਦਾ:** IT ਸਲਾਹਕਾਰ

**ਪਿਛਲਾ ਕੰਮ-ਧੰਦਾ:** IT ਸਲਾਹਕਾਰ

**ਪੜ੍ਹਾਈ:** ਕਾੱਲਿਜ

**ਸੰਸਥਾਗਤ ਸਬੰਧ:** ਦਿ ਸਿੱਖ ਕਲਚਰਲ ਸੁਸਾਇਟੀ ਇੰਕ.

**ਪਹਿਲਾਂ ਦਾ ਸਰਕਾਰੀ ਅਨੁਭਵ:** ਡਿਸਟ੍ਰਿਕਟ ਲੀਡਰ ਉਮੀਦਵਾਰ 2022

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

| | **ਇਥਾਨ ਮਿਸ਼ੇਲ ਫ਼ੈਲਡਰ** ✓<br>ਲੋਕਰਾਜੀ | **ਲਿਨ C ਸ਼ੁਲਮੈਨ** ✓<br>ਲੋਕਰਾਜੀ |
|---|---|---|
| **ਅਪਰਾਧ** | ਜੁਰਮ ਦੇ ਅਸਰਦਾਰ ਪ੍ਰਤੀਕਰਮ ਵਿੱਚ ਵਧਦੀ ਹਿੰਸਾ ਦੇ ਮੂਲ ਕਾਰਣਾਂ ਨੂੰ ਦੂਰ ਕਰਨ ਲਈ ਨਿਵਾਰਕ ਉਪਾਅ, ਢੁਕਵੀਆਂ ਰਕਮਾਂ ਅਤੇ ਆਪਣੀ ਸੇਵਾ ਸਿਰੇ ਚਾੜ੍ਹਣ ਲਈ ਪੁਲਿਸ ਦੀ ਸਿਖਲਾਈ ਅਤੇ ਜਨਤਕ ਸੁਰੱਖਿਆ ਦੇ ਬਜਟ ਸਬੰਧੀ ਫ਼ੈਸਲਿਆਂ ਵਿੱਚ ਭਾਈਚਾਰਕ ਭਾਈਵਾਲੀ ਸ਼ਾਮਿਲ ਹੋਣੀ ਚਾਹੀਦੀ ਹੈ। | ਸਰਕਾਰ ਦੀ ਪਹਿਲੀ ਜ਼ਿੰਮੇਵਾਰੀ ਲੋਕਾਂ ਨੂੰ ਸੁਰੱਖਿਅਤ ਮਹਿਸੂਸ ਕਰਵਾਉਣਾ ਹੈ। ਜਨਤਕ ਸੁਰੱਖਿਆ ਇੱਕ ਜਟਿਲ ਮੁੱਦਾ ਹੈ, ਇਸ ਲਈ ਕਈ ਪੱਧਰਾਂ ਦੀ ਪੂੰਜੀਕਾਰੀ ਦੀ ਲੋੜ ਹੁੰਦੀ ਹੈ, ਇਸ ਵਿੱਚ ਹਿੰਸਾ ਨੂੰ ਰੋਕਣ ਵਾਲਿਆਂ ਲਈ ਫ਼ੰਡਿੰਗ, ਮਾਨਸਿਕ ਸਿਹਤ ਸੇਵਾਵਾਂ ਵਿੱਚ ਵਾਧਾ ਕਰਨਾ, NYPD ਦੀ ਸ਼ਮੂਲੀਅਤ, ਅਤੇ ਸਾਡੇ ਭਾਈਚਾਰਕ ਭਾਈਵਾਲਾਂ ਤੋਂ ਪੂੰਜੀ ਲੈਣਾ ਸ਼ਾਮਿਲ ਹਨ। |
| **ਮਹਿੰਗਾਈ** | ਸਾਨੂੰ ਉਤਪਾਦਨ ਲਈ ਆਪਣੇ ਅਰਥਚਾਰੇ ਦੀ ਸਮਰੱਥਾ ਦਾ ਪਸਾਰ ਕਰਕੇ ਪਰਿਵਾਰ ਦੇ ਬਜਟ 'ਤੇ ਅਸਰ ਪਾਉਣ ਵਾਲੀ ਮਹਿੰਗਾਈ ਨਾਲ ਨਜਿੱਠਣ ਦੀ ਲੋੜ ਹੈ। ਮੈਂ ਵੱਡੀ ਪੱਧਰ 'ਤੇ ਆਵਾਜਾਈ ਨੂੰ ਮੁੜ-ਸੁਰਜੀਤ ਕਰਨ, ਨਵੀਂ ਕਿਫ਼ਾਇਤੀ ਰਿਹਾਇਸ਼ ਦੀ ਉਸਾਰੀ ਅਤੇ ਸਿਹਤ-ਸੰਭਾਲ ਦੀ ਵਧ ਰਹੀ ਲਾਗਤ 'ਤੇ ਕੰਟਰੋਲ ਕਰਨ ਲਈ ਹੋਰ ਵੱਧ ਪੂੰਜੀਕਾਰੀ ਦੀ ਹਿਮਾਇਤ ਕਰਾਂਗਾ। | ਜਿਵੇਂ-ਜਿਵੇਂ ਅਸੀਂ ਆਪਣੀ ਜ਼ਿੰਦਗੀ ਦੇ ਸਭ ਤੋਂ ਭੈੜੇ ਪਬਲਿਕ ਸਿਹਤ ਸੰਕਟ ਤੋਂ ਉਭਰ ਰਹੇ ਹਾਂ, ਮਹਿੰਗਾਈ ਵਿੱਚ ਨਾਟਕੀ ਵਾਧਾ ਹੋਇਆ ਹੈ, ਅਤੇ ਕੰਮਕਾਜੀ ਪਰਿਵਾਰਾਂ ਨੂੰ ਨੁਕਸਾਨ ਪਹੁੰਚ ਰਿਹਾ ਹੈ। ਮੈਂ ਮਹਿੰਗਾਈ ਦੀ ਦਰ ਦੇ ਅਧਾਰ 'ਤੇ ਸਲਾਨਾ ਘੱਟੋ-ਘੱਟ ਉਜਰਤ ਵਧਾਉਣ ਵਾਸਤੇ NYS ਕਾਨੂੰਨ ਦੀ ਹਿਮਾਇਤ ਕਰਦੀ ਹਾਂ। ਇਹ, ਕੰਮ ਕਰਨ ਵਾਲੇ ਨਿਊ ਯਾਰਕ ਵਾਸੀਆਂ ਲਈ ਮਾਲੀ ਸਥਿਰਤਾ ਨੂੰ ਯਕੀਨੀ ਬਣਾਏਗਾ। |
| **ਲੋਕਰਾਜ ਦੀ ਰਾਖੀ ਕਰਨਾ** | ਆਪਣੇ ਸਥਾਨਕ ਲੋਕਰਾਜ ਨੂੰ ਨਰੋਆ ਰੱਖਣ ਲਈ ਸਾਨੂੰ ਚੁਣੇ ਗਏ ਅਧਿਕਾਰੀਆਂ ਤੋਂ ਕਾਰਗੁਜ਼ਾਰੀ ਜਾਂ ਕਮੀ ਲਈ ਜਵਾਬਦੇਹੀ ਦੀ ਲੋੜ ਹੈ। ਸਾਡੀ ਡਿਸਟ੍ਰਿਕਟ ਲਈ ਕੀ ਹਾਸਿਲ ਕੀਤਾ ਗਿਆ ਹੈ, ਇਸਦਾ ਮੁਲਾਂਕਣ ਕਰਨ ਦੀ ਥਾਂ ਉਮੀਦਵਾਰਾਂ ਨੂੰ ਅਕਸਰ ਸਿਆਸੀ ਸਬੰਧਾਂ ਨੂੰ ਧਿਆਨ ਵਿੱਚ ਰੱਖਕੇ ਤੈਅ ਕੀਤਾ ਜਾਂਦਾ ਹੈ। | ਅਜ਼ਾਦੀ ਦੀਆਂ ਕਦਰਾਂ-ਕੀਮਤਾਂ ਅਤੇ ਮਨੁੱਖੀ ਹੱਕਾਂ ਦਾ ਸਤਿਕਾਰ ਕਰਨਾ ਲੋਕਰਾਜ ਦੇ ਜ਼ਰੂਰੀ ਤੱਤ ਹਨ। ਸਾਡੀਆਂ ਲੋਕਰਾਜੀ ਸੰਸਥਾਵਾਂ ਨੂੰ ਰਾਸ਼ਟਰੀ ਅਤੇ ਸਥਾਨਕ ਤੌਰ 'ਤੇ ਹਕੂਮਤ ਦੀ ਕਿਸੇ ਵੀ ਦੁਰਵਰਤੋਂ ਤੋਂ ਸੁਰੱਖਿਅਤ ਰੱਖਿਆ ਜਾਣਾ ਚਾਹੀਦਾ ਹੈ। |

**ਸੁਖੀ ਸਿੰਘ** ✓

ਲੋਕਰਾਜੀ

ਆਮ ਤੌਰ 'ਤੇ ਨਫ਼ਰਤੀ ਅਪਰਾਧਾਂ ਅਤੇ ਹਿੰਸਾ ਨਾਲ ਨਜਿੱਠਣ ਲਈ ਵੱਖ-ਵੱਖ ਵਿਦਿਅਕ ਪ੍ਰੋਗਰਾਮਾਂ ਨੂੰ ਫੰਡ ਦੇ ਕੇ ਸਾਰੇ ਭਾਈਚਾਰਿਆਂ ਲਈ ਸੁਰੱਖਿਅਤ ਸੜਕ ਬਣਾਉਣ ਲਈ ਵਚਨਬੱਧ

ਸਾਨੂੰ ਹਰ ਚੀਜ਼ ਨੂੰ ਆਯਾਤ ਕਰਨ ਦੀ ਬਜਾਏ ਸਥਾਨਕ ਕਿਸਾਨਾਂ, ਨਿਰਮਾਤਾਵਾਂ ਅਤੇ ਸਥਾਨਕ ਛੋਟੇ ਕਾਰੋਬਾਰਾਂ ਨੂੰ ਘਰੇਲੂ ਅਰਥਵਿਵਸਥਾ ਵਿੱਚ ਉਤਪਾਦਨ ਪੈਦਾ ਕਰਨ ਲਈ ਫੰਡ ਦੇਣਾ ਚਾਹੀਦਾ ਹੈ

ਅਸੀਂ ਦੁਨੀਆ ਦੇ ਸਭ ਤੋਂ ਪੁਰਾਣੇ ਲੋਕਤੰਤਰ ਹਾਂ ਅਤੇ ਇਸ ਨੂੰ ਨਿਰਪੱਖ ਅਤੇ ਪਾਰਦਰਸ਼ੀ ਰੱਖਣ ਦੇ ਯੋਗ ਹੋਣ ਲਈ ਸਾਨੂੰ ਆਪਣੇ ਚੋਣ ਬੋਰਡ ਨੂੰ ਸਹੀ ਢੰਗ ਨਾਲ ਫੰਡ ਕੀਤੇ ਜਾਣ ਨਾਲ ਪੂਰੀ ਤਰ੍ਹਾਂ ਨਾਲ ਸਰੋਤਾਂ ਨਾਲ ਭਰਪੂਰ ਕਰਨਾ ਚਾਹੀਦਾ ਹੈ

# ਤਰਜੀਹੀ ਵੋਟਿੰਗ ਦੀ ਪ੍ਰੈਕਟਿਸ ਕਰਨੀ

**ਸਾਡੀ ਆੱਨਲਾਈਨ ਪ੍ਰੈਕਟਿਸ ਵਾਲ਼ੀ ਵੋਟ-ਪਰਚੀ 'ਤੇ ਆਪਣੀ ਪਸੰਦ ਦੀ ਰੈਂਕਿੰਗ ਦੀ ਕੋਸ਼ਿਸ਼ ਕਰੋ! ਜੇ ਤੁਹਾਡੀ ਵੋਟ-ਪਰਚੀ ਸਹੀ ਢੰਗ ਨਾਲ ਭਰੀ ਗਈ ਹੈ ਜਾਂ ਜੇ ਤੁਹਾਡੇ ਤੋਂ ਗ਼ਲਤੀ ਹੋਈ ਹੈ, ਤਾਂ ਉਸ ਨੂੰ ਕਿਵੇਂ ਦਰੁਸਤ ਕਰੋ, ਬਾਰੇ ਅਸੀਂ ਤੁਹਾਨੂੰ ਦੱਸਾਂਗੇ।**

**ਇੱਥੇ ਸਕੈਨ ਕਰੋ ਜਾਂ punjabi.nycvotes.org/practice-ballot 'ਤੇ ਜਾਓ**

# ਸਿਟੀ ਕੌਂਸਲ ਡਿਸਟ੍ਰਿਕਟ 30, 31 ਅਤੇ 32 ਵਿੱਚ ਪ੍ਰਮੁੱਖ ਚੋਣਾਂ ਨਹੀਂ ਹਨ

**ਪ੍ਰਮੁੱਖ ਚੋਣਾਂ ਉਦੋਂ ਹੀ ਹੁੰਦੀਆਂ ਹਨ, ਜਦੋਂ ਉਹਨਾਂ ਦੀ ਪਾਰਟੀ ਦੀ ਨਾਮਜ਼ਦਗੀ ਲਈ ਇੱਕ ਤੋਂ ਵੱਧ ਉਮੀਦਵਾਰ ਚੋਣ ਲੜਦੇ ਹਨ। ਹਾਲਾਂਕਿ, ਨਵੰਬਰ ਵਿੱਚ ਇਹਨਾਂ ਸਿਟੀ ਕੌਂਸਲ ਡਿਸਟ੍ਰਿਕਟ ਲਈ ਆਮ ਚੋਣਾਂ ਕਰਾਈਆਂ ਜਾਣਗੀਆਂ।**


## ਫ਼ਾੱਲੋ ਕਰੋ NYC Votes

ਸਾਰੀਆਂ ਹਾਲੀਆ ਚੋਣ ਅਪਡੇਟਸ ਲਈ, ਤੁਸੀਂ NYC Votes ਫ਼ਾੱਲੋ ਕਰ ਸਕਦੇ ਹੋ

@nycvotes

# ਸਿਟੀ ਕੌਂਸਲ ਡਿਸਟ੍ਰਿਕਟ 34

**ਲੋਕਰਾਜੀ**

- ਜੈਨੀਫ਼ਰ ਗੁਤੀਏਰੈਜ਼ ✓
- ਪੇਪਰਬੌਇ L ਪ੍ਰਿੰਸ*
- ਐਂਜਲ ਸੈਂਟੀਆਗੋ*

✓ ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 45 'ਤੇ ਹੋਰ ਜਾਣੋ।

ਉਮੀਦਵਾਰਾਂ ਦੀ ਬਿਲਕੁਲ ਨਵੀਂ ਸੂਚੀ ਵੇਖਣ ਲਈ, ਉਮੀਦਵਾਰ ਦੀ ਵੀਡੀਓ ਦਾ ਪਤਾ ਲਾਓ ਅਤੇ ਮਸਲੇ ਦੀਆਂ ਸਥਿਤੀਆਂ ਦੀ ਤੁਲਨਾ ਕਰਨ ਲਈ **punjabi.nycvotes.org/candidates** 'ਤੇ ਜਾਓ।

* ਉਮੀਦਵਾਰ ਨੇ ਇਸ ਛਪੀ ਹੋਈ ਵੋਟਰ ਗਾਈਡ ਵਿੱਚ ਸ਼ਾਮਿਲ ਕਰਨ ਲਈ ਸਮੇਂ ਸਿਰ ਭਰਿਆ ਹੋਇਆ ਪ੍ਰੋਫ਼ਾਈਲ ਸਬਮਿਟ ਨਹੀਂ ਕੀਤਾ ਸੀ।



## ਜੈਨੀਫ਼ਰ ਗੁਤੀਏਰੈਜ਼ ✓

ਲੋਕਰਾਜੀ

**ਮੁੱਖ 3 ਮਸਲੇ:**

1. ਯੂਨੀਵਰਸਲ ਚਾਈਲਡ ਕੇਅਰ
2. ਕਿਰਾਏਦਾਰ ਦੀਆਂ ਸੁਰੱਖਿਆਵਾਂ ਨੂੰ ਮਜ਼ਬੂਤ ਅਤੇ ਵਿਸਤਾਰ ਕਰਨਾ
3. ਵਾਤਾਵਰਣਕ ਨਿਆਂ

*"ਜੈਨੀਫ਼ਰ ਗੁਤੀਏਰੈਜ਼ ਇੱਕ ਆੱਰਗਨਾਈਜ਼ਰ, ਕਾਰਕੁਨ ਅਤੇ ਮਿੱਤਰ ਹੈ। ਇੱਕ ਦਹਾਕੇ ਤੋਂ ਜੈਨੀਫ਼ਰ ਪ੍ਰਭਾਵਿਤ ਪਰਿਵਾਰਾਂ ਦੇ ਮਸਲਿਆਂ ਵਿੱਚ ਸ਼ਾਮਿਲ ਰਹੇ ਹਨ, ਜਿਹਨਾਂ ਦੀ ਉਹ ਇਸ ਸਮੇਂ ਨੁਮਾਇੰਦਗੀ ਕਰਦੇ ਹਨ। ਕੋਲੰਬੀਆ ਦੇ ਪ੍ਰਵਾਸੀਆਂ ਤੋਂ ਕੁਈਨਸ ਵਿੱਚ ਪੈਦਾਇਸ਼ ਅਤੇ ਪਰਵਰਿਸ਼ ਹੋਈ ਸੀ, ਜੈਨੀਫ਼ਰ ਇੱਕ-ਬੈਡਰੂਮ ਦੇ ਅਪਾਰਟਮੈਂਟ ਵਿੱਚ ਵੱਡੀ ਹੋਈ ਸੀ ਅਤੇ ਪਬਲਿਕ ਸਕੂਲਾਂ ਵਿੱਚ ਪੜ੍ਹਾਈ ਕੀਤੀ ਸੀ। ਉਹ ਛੋਟੀ ਉਮਰ ਤੋਂ ਹੀ ਕਾਰਕੁਨ ਰਹੀ ਸੀ, ਜਦੋਂ ਉਹਨਾਂ ਦੇ ਪਿਤਾ ਅਸਮਰੱਥ ਹੋ ਗਏ ਸੀ ਅਤੇ ਬੀਮਾ ਕੰਪਨੀਆਂ ਨਾਲ ਮੁਕਾਬਲਾ ਕੀਤਾ ਸੀ ਅਤੇ ਸਾਫ਼-ਸਫ਼ਾਈ ਦੇ ਕੰਮਾਂ ਵਿੱਚ ਆਪਣੀ ਮਾਂ ਨੂੰ ਦੱਸਦੀ ਸੀ ਅਤੇ ਉਹਨਾਂ ਦੀਆਂ ਉਜਰਤਾਂ ਬਾਰੇ ਗੱਲਬਾਤ ਕਰਦੀ ਸੀ। ਦਫ਼ਤਰ ਵਿਚਲੇ ਆਪਣੇ ਸਮੇਂ ਦੌਰਾਨ, ਉਹਨਾਂ ਨੇ ਕਿਫ਼ਾਇਤੀ ਰਿਹਾਇਸ਼, ਸਕੂਲਾਂ ਅਤੇ ਡੇਅਕੇਅਰ ਲਈ ਫ਼ੰਡ ਰੱਖਣ, ਬ੍ਰੌਡਬੈਂਡ ਇਕੁਇਟੀ ਅਤੇ ਪਹੁੰਚ ਅਤੇ ਸਮਾਜਕ ਸੇਵਾ ਦੇ ਬਜਟ ਵਿੱਚ ਕਟੌਤੀ, ਜਿਹਨਾਂ ਦੀ ਸਾਡੇ ਭਾਈਚਾਰਿਆਂ ਨੂੰ ਬਹੁਤ ਜ਼ਿਆਦਾ ਜ਼ਰੂਰਤ ਹੈ, ਲਈ ਜੱਦੋ-ਜਹਿਦ ਕੀਤੀ ਸੀ।"*

**ਮੌਜੂਦਾ ਕੰਮ-ਧੰਦਾ:** ਕੌਂਸਲ ਮੈਂਬਰ

**ਪਿਛਲਾ ਕੰਮ-ਧੰਦਾ:** ਚੀਫ਼ ਆੱਫ਼ ਸਟਾਫ਼

**ਪੜ੍ਹਾਈ:** ਅਲਬਾਨੀ ਵਿਖੇ ਯੂਨੀਵਰਸਿਟੀ

**ਸੰਸਥਾਗਤ ਸਬੰਧ:** ਲਾਗੂ ਨਹੀਂ

**ਪਹਿਲਾਂ ਦਾ ਸਰਕਾਰੀ ਅਨੁਭਵ:** ਲਾਗੂ ਨਹੀਂ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

| | **ਜੈਨੀਫ਼ਰ ਗੁਤੀਏਰੈਜ਼** ✓<br>ਲੋਕਰਾਜੀ | **ਪੇਪਰਬੌਇ L ਪ੍ਰਿੰਸ***<br>ਲੋਕਰਾਜੀ | **ਐਂਜਲ ਸਾਂਤੀਆਗੋ***<br>ਲੋਕਰਾਜੀ |
|---|---|---|---|
| **ਅਪਰਾਧ** | ਸਾਨੂੰ ਆਪਣੇ ਬੱਚਿਆਂ ਦੇ ਹੱਥਾਂ ਵਿੱਚੋਂ ਬੰਦੂਕਾਂ ਖੋਹਣ 'ਤੇ ਧਿਆਨ ਦੇਣ, ਅਤੇ ਕਮਿਊਨਿਟੀ ਸਰੋਤਾਂ ਜਿਨ੍ਹਾਂ ਬਾਰੇ ਅਸੀਂ ਜਾਣਦੇ ਹਾਂ ਕਿ ਇਹ ਕੰਮ ਕਰਦੇ ਹਨ, ਲਈ ਫੰਡ ਵਧਾਉਣ ਦੀ ਲੋੜ ਹੈ: ਮਾਨਸਿਕ ਸਿਹਤ ਅਤੇ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਰੋਕਣ ਨਾਲ ਸੰਬੰਧਤ ਸੇਵਾਵਾਂ, ਸਨਮਾਨਜਨਕ ਰਿਹਾਇਸ਼ ਅਤੇ ਸਕੂਲਾਂ ਵਿੱਚ ਹਿੰਸਾ ਦੀ ਰੋਕਥਾਮ। | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। |
| **ਮਹਿੰਗਾਈ** | ਹਰ ਰੋਜ਼ ਨਿਊ ਯਾਰਕ ਵਾਸੀ ਸਾਡੇ ਸ਼ਹਿਰ ਵਿੱਚ ਜੀਵਨ ਨਿਰਬਾਹ ਕਰਨ ਲਈ ਸੰਘਰਸ਼ ਕਰ ਰਹੇ ਹਨ; ਕਿਰਾਇਆ ਅਸਮਾਨ ਨੂੰ ਛੂਹ ਗਿਆ ਹੈ ਅਤੇ ਦੁੱਧ ਅਤੇ ਆਂਡਿਆਂ ਦੀ ਕੀਮਤ ਸਭ ਤੋਂ ਉੱਚੇ ਪੱਧਰ 'ਤੇ ਹੈ। ਇਸ ਸਮੇਂ, ਸਾਨੂੰ ਉਹਨਾਂ ਪਰਿਵਾਰਾਂ ਦੀ ਸਹਾਇਤਾ ਕਰਨ ਲਈ ਮਜ਼ਬੂਤ ਸਮਾਜਕ ਸੇਵਾ ਵਿੱਚ ਸਰਕਾਰੀ ਨਿਵੇਸ਼ 'ਤੇ ਧਿਆਨ ਦੇਣ ਦੀ ਲੋੜ ਹੈ ਜਿਨ੍ਹਾਂ ਨੂੰ ਇਸਦੀ ਸਭ ਤੋਂ ਵੱਧ ਲੋੜ ਹੈ। | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। |
| **ਲੋਕਰਾਜ ਦੀ ਰਾਖੀ ਕਰਨਾ** | ਮੈਂ ਲੰਬੇ ਸਮੇਂ ਤੋਂ ਮਾਈ ਸਿਟੀ ਮਾਈ ਵੋਟ ਦੀ ਵਕਾਲਤ ਕੀਤੀ ਹੈ, ਅਤੇ ਵਿਸ਼ਵਾਸ ਕਰਦੀ ਹਾਂ ਕਿ ਹਰ ਨਿਊ ਯਾਰਕ ਵਾਸੀ, ਇਮੀਗ੍ਰੇਸ਼ਨ ਸਥਿਤੀ ਦੇ ਸੰਦਰਭ ਬਿਨਾਂ, ਸਾਡੇ ਸ਼ਹਿਰ ਵਿੱਚ ਆਪਣੀ ਵੋਟ ਪਾਉਣ ਦੇ ਯੋਗ ਹੋਣਾ ਚਾਹੀਦਾ ਹੈ। ਮੈਂ ਉਸੇ ਦਿਨ ਵੋਟਰ ਰਜਿਸਟ੍ਰੇਸ਼ਨ ਨੂੰ ਲਾਗੂ ਕੀਤੇ ਜਾਣ ਲਈ ਰਾਜ 'ਤੇ ਦਬਾਅ ਪਾਉਣਾ ਜਾਰੀ ਰੱਖਾਂਗੀ। | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। |

# NYC Votes ਬਾਰੇ

**ਇੱਕ ਸੁਤੰਤਰ ਸਿਟੀ ਏਜੰਸੀ, ਨਿਊਯਾਰਕ ਸ਼ਹਿਰ ਦਾ ਕੈਮਪੇਨ ਫਾਇਨਾਂਸ ਬੋਰਡ ਹੈ, ਦੀ ਇੱਕ ਪਹਿਲ NYC Votes ਹੈ, ਜੋ ਸਥਾਨਕ ਚੋਣਾਂ ਨੂੰ ਨਿਰਪੱਖ, ਸਮੁੱਚੇ ਅਤੇ ਸਪਸ਼ਟ ਤਰੀਕੇ ਨਾਲ ਕਰਾਉਣ ਨੂੰ ਯਕੀਨੀ ਬਣਾਉਂਦੀ ਹੈ।**

ਅਸੀਂ ਵੋਟਰਾਂ ਅਤੇ ਉਮੀਦਵਾਰਾਂ ਵਿਚਕਾਰ ਇੱਕੋ ਜਿਹੀ ਭਾਈਵਾਲੀ ਨੂੰ ਉਤਸਾਹ ਦਿੰਦੇ ਹਾਂ, ਤਾਂਜੋ ਸਾਡੇ ਚੁਣੇ ਗਏ ਅਧਿਕਾਰੀ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਦੀਆਂ ਜ਼ਰੂਰਤਾਂ ਹੱਲ ਕਰਨ ਅਤੇ ਵੋਟਰਾਂ ਦੇ ਮਸਲੇ ਸੁਲਝਾਉਣ।

ਇੰਜ ਅਸੀਂ ਨਿਉ ਯਾਰਕ ਦੇ ਵਸਨੀਕਾਂ, ਜਿਹਨਾਂ ਵਲੋਂ ਵੋਟ ਪਾਉਣ ਦੀ ਸੰਭਾਵਨਾ ਘੱਟ ਹੀ ਹੈ, ਨੂੰ ਮਜ਼ਬੂਤ ਕਰਨ ਲਈ ਕਰਦੇ ਹਾਂ, ਦਫ਼ਤਰ ਲਈ ਚੋਣ ਲੜਣ ਦੇ ਅੜਿੱਕਿਆਂ ਨੂੰ ਘੱਟ ਕਰਦੇ ਹਾਂ ਅਤੇ ਆਪਣੇ ਚੋਣ-ਪ੍ਰਬੰਧ ਨੂੰ ਬਿਹਤਰ ਬਣਾਉਣ ਲਈ ਹੱਲ ਕੱਢਣ ਦੀ ਪੇਸ਼ਕਸ਼ ਕਰਦੇ ਹਾਂ। NYC Votes ਸ਼ਹਿਰ ਭਰ ਵਿਚਲੇ ਵੋਟਰਾਂ ਨੂੰ ਰਜਿਸਟਰ ਕਰਨ, ਸਿੱਖਿਅਤ ਕਰਨ ਅਤੇ ਸ਼ਾਮਿਲ ਕਰਨ ਲਈ ਭਾਈਚਾਰਕ ਸੰਸਥਾਵਾਂ, ਵਾੱਲੰਟੀਅਰਾਂ ਅਤੇ ਸ਼ਹਿਰ ਦੀਆਂ ਹੋਰਨਾਂ ਏਜੰਸੀਆਂ ਨਾਲ ਭਾਈਵਾਲੀ ਕਰਦੀ ਹੈ। ਸਾਡਾ ਉਦੇਸ, ਸਾਡੀਆਂ ਚੋਣਾਂ ਕਿਵੇਂ ਕੰਮ ਕਰਦੀਆਂ ਹਨ ਅਤੇ ਉਹ ਅਹਿਮ ਕਿਉਂ ਹਨ, ਇਸ ਬਾਰੇ ਦਿਆਨਤਦਾਰੀ ਨਾਲ ਵਿਚਾਰ-ਵਟਾਂਦਰਾ ਕਰਕੇ ਨਿਉ ਯਾਰਕ ਦੇ ਸਾਰੇ ਵਸਨੀਕਾਂ ਵਿਚਕਾਰ ਚੋਣ ਅਮਲ ਦੀ ਵੱਡੀ ਸਮਝ ਬਣਾਉਣੀ ਹੈ।

1988 ਵਿੱਚ ਸਥਾਪਿਤ ਕੀਤੀ ਗਈ ਏਜੰਸੀ, ਨਿਊਯਾਰਕ ਦੇ ਵਸਨੀਕਾਂ ਨੂੰ ਉਹਨਾਂ ਦੀ ਵੋਟ-ਪਰਚੀ 'ਤੇ ਉਮੀਦਵਾਰਾਂ ਬਾਰੇ ਜਾਣਕਾਰੀ ਅਤੇ ਉਹਨਾਂ ਦੇ ਚੋਣ-ਪ੍ਰਚਾਰਾਂ ਲਈ ਰਕਮਾਂ ਕਿਵੇਂ ਮਿਲਦੀਆਂ ਹਨ, ਬਾਰੇ ਪੂਰੀ ਜਾਣਕਾਰੀ ਦਿੰਦੀ ਹੈ। ਸਾਡਾ ਮੈਚਿੰਗ ਫੰਡ ਪ੍ਰੋਗਰਾਮ ਸ਼ਹਿਰ ਦੀ ਫ਼ੰਡਿੰਗ ਦੇ $8 ਤੱਕ ਸਥਾਨਕ ਡੋਨਰ ਦੇ ਹਰ $1 ਨਾਲ ਮੇਲ ਖਾਂਦਾ ਹੈ, ਜਿਸ ਨਾਲ ਸ਼ਹਿਰ ਦੇ ਉਮੀਦਵਾਰਾਂ ਨੂੰ ਖ਼ਾਸ ਹਿੱਤਾਂ ਦੀ ਥਾਂ ਆਪਣੇ ਭਾਈਚਾਰਿਆਂ 'ਤੇ ਧਿਆਨ ਲਾਉਣ ਲਈ ਪ੍ਰੇਰਿਆ ਜਾਂਦਾ ਹੈ।

## ਮੈਚਿੰਗ ਫ਼ੰਡ ਪ੍ਰੋਗਰਾਮ

**ਸ਼ਹਿਰ ਦੇ ਉਮੀਦਵਾਰਾਂ ਲਈ ਤੁਹਾਡੇ ਯੋਗਦਾਨ ਦੀ ਅਹਿਮੀਅਤ ਉਸ ਸਮੇਂ ਵਧ ਜਾਂਦੀ ਹੈ, ਜਦੋਂ ਤੁਸੀਂ ਸ਼ਹਿਰ ਦੇ ਮੈਚਿੰਗ ਫ਼ੰਡਾਂ ਵਿੱਚ ਹਿੱਸਾ ਲੈਣ ਵਾਲੇ ਉਮੀਦਵਾਰਾਂ ਦੀ ਹਿਮਾਇਤ ਕਰਦੇ ਹੋ। ਹਿੱਸਾ ਲੈ ਰਹੇ ਉਮੀਦਵਾਰਾਂ ਲਈ ਸ਼ਹਿਰ ਦੇ ਵਸਨੀਕਾਂ ਤੋਂ ਮਿਲਣ ਵਾਲੇ ਦਾਨ ਦੀ ਮੈਚਿੰਗ $8-ਤੋਂ-$1 ਤੱਕ ਕੀਤੀ ਜਾ ਸਕਦੀ ਹੈ। ਇਸਦਾ ਮਤਲਬ ਇਹ ਹੈ ਕਿ ਜਦੋਂ ਤੁਸੀਂ $10 ਦਿੰਦੇ ਹੋ, ਤਾਂ ਉਮੀਦਵਾਰ ਨੂੰ $90 ਮਿਲਦੇ ਹਨ।**

ਇਹ ਪ੍ਰੋਗਰਾਮ ਇਸ ਗੱਲ ਨੂੰ ਯਕੀਨੀ ਬਣਾਉਣ ਵਿੱਚ ਮਦਦ ਕਰਦਾ ਹੈ ਕਿ ਚੋਣ-ਪ੍ਰਚਾਰ ਲਈ ਰਕਮਾਂ, ਖ਼ਾਸ ਹਿੱਤਾਂ ਦੀ ਬਜਾਇ ਨਿਉ ਯਾਰਕ ਦੇ ਵਸਨੀਕਾਂ ਵਲੋਂ ਦਿੱਤੀ ਜਾਣ ਵਾਲੀ ਡਾੱਲਰ ਦੀ ਮਾਮੂਲੀ ਰਕਮ ਨਾਲ ਪੂਰੀਆਂ ਕੀਤੀਆਂ ਜਾਂਦੀਆਂ ਹਨ। ਇਸਦਾ ਮਤਲਬ ਇਹ ਵੀ ਹੈ ਕਿ ਜਿਹੜੇ ਉਮੀਦਵਾਰ ਅਮੀਰ ਨਹੀਂ ਹਨ, ਪਰ ਭਾਈਚਾਰੇ ਵਿੱਚ ਉਹਨਾਂ ਦੀ ਮਜ਼ਬੂਤ ਹਿਮਾਇਤ ਹੋਣ ਕਰਕੇ ਉਹ ਹੋਰ ਵੰਨ-ਸੁਵੰਨੀ ਅਤੇ ਨੁਮਾਇੰਦਾ ਸਰਕਾਰ ਬਣਾਉਣ ਲਈ ਚੋਣ ਲੜ ਸਕਦੇ ਹਨ। ਨਿਉ ਯਾਰਕ ਦੀ 2021 ਦੀ ਚੋਣ ਵਿੱਚ 83% ਤੋਂ ਵੱਧ ਸਥਾਨਕ ਉਮੀਦਵਾਰਾਂ ਨੇ ਦੱਸਿਆ ਹੈ ਕਿ ਦਫ਼ਤਰ ਲਈ ਚੋਣ ਲੜਣ ਵਾਸਤੇ ਉਹਨਾਂ ਦੀ ਸਮਰੱਥਾ ਲਈ ਮੈਚਿੰਗ ਫ਼ੰਡਾਂ ਨੇ ਅਹਿਮ ਭੂਮਿਕਾ ਨਿਭਾਈ ਸੀ।

**contribute.nycvotes.org** 'ਤੇ ਯੋਗਦਾਨ ਪਾਓ

# ਅਕਸਰ ਪੁੱਛੇ ਜਾਣ ਵਾਲੇ ਸੁਆਲ

## ਆਮ

### ਪ੍ਰਮੁੱਖ ਚੋਣ ਕੀ ਹੈ?

ਇਹ ਚੋਣ ਤੋਂ ਪਹਿਲਾਂ ਦੀ ਚੋਣ ਹੈ। ਪ੍ਰਮੁੱਖ ਚੋਣਾਂ ਵਿੱਚ, ਤੁਸੀਂ ਫ਼ੈਸਲਾ ਕਰਦੇ ਹੋ ਕਿ ਆਮ ਚੋਣ ਲਈ ਕਿਹੜਾ ਸ਼ਖ਼ਸ ਤੁਹਾਡੀ ਪਾਰਟੀ ਦਾ ਉਮੀਦਵਾਰ ਹੋਏਗਾ। ਪ੍ਰਮੁੱਖ ਚੋਣਾਂ ਵਿੱਚ ਵੋਟ ਪਾਉਣ ਲਈ ਤੁਹਾਨੂੰ ਕਿਸੇ ਸਿਆਸੀ ਪਾਰਟੀ ਦਾ ਮੈਂਬਰ ਜ਼ਰੂਰ ਹੋਣਾ ਚਾਹੀਦਾ ਹੈ।

### ਕੀ ਮੈਂ 27 ਜੂਨ ਨੂੰ ਪ੍ਰਮੁੱਖ ਚੋਣ ਵਿੱਚ ਵੋਟ ਪਾ ਸਕਦਾ/ਸਕਦੀ ਹਾਂ?

ਤੁਸੀਂ ਵੋਟ ਪਾ ਸਕਦੇ ਹੋ, ਜੇਕਰ ਤੁਸੀਂ ਨਿਊਯਾਰਕ ਵਿੱਚ ਚੋਣ ਕਰਾ ਰਹੀ ਪਾਰਟੀ ਵਾਸਤੇ ਰਜਿਸਟਰਡ ਹੋ। ਰਜਿਸਟਰ ਕਰਨ ਦੀ ਅੰਤਮ-ਤਾਰੀਖ਼ 17 ਜੂਨ ਹੈ।

### ਮੈਂ ਵੋਟ ਪਾਉਣ ਲਈ ਰਜਿਸਟਰਡ ਹਾਂ, ਦਾ ਕਿਵੇਂ ਪਤਾ ਲਾ ਸਕਦਾ/ਸਕਦੀ ਹਾਂ?

**voterlookup.elections.ny.gov** 'ਤੇ ਜਾਓ ਜਾਂ ਸੁਣਨ ਵਿੱਚ ਦਿੱਕਤ ਵਾਲੇ ਲੋਕਾਂ ਲਈ **866-VOTE-NYC (866-868-3692)** ਜਾਂ **TTY 212-487-5496** 'ਤੇ NYC ਚੋਣ ਬੋਰਡ (Board of Elections) ਨੂੰ ਕਾੱਲ ਕਰੋ।

### ਕੀ ਹੁੰਦਾ ਹੈ, ਜੇ ਮੈਂ ਆਖ਼ਰੀ ਵਾਰੀ ਵੋਟ ਪਾਉਣ ਤੋਂ ਬਾਅਦ ਨਿਊਯਾਰਕ ਸਿਟੀ ਦੇ ਅੰਦਰ ਕਿਤੇ ਚਲਾ ਗਿਆ/ਚਲੀ ਗਈ ਸੀ?

ਜਦੋਂ ਤੁਸੀਂ ਜਾਂਦੇ ਹੋ, ਤਾਂ ਤੁਹਾਨੂੰ ਨਵਾਂ ਵੋਟਰ ਰਜਿਸਟ੍ਰੇਸ਼ਨ ਫਾਰਮ ਜਮ੍ਹਾ ਕਰਕੇ ਚੋਣ ਬੋਰਡ (Board of Elections) ਕੋਲ ਆਪਣਾ ਪਤਾ ਬਦਲਵਾਉਣਾ ਚਾਹੀਦਾ ਹੈ। ਤੁਹਾਡਾ ਬਦਲਿਆ ਹੋਇਆ ਪਤਾ ਚੋਣ ਬੋਰਡ (Board of Elections) ਨੂੰ 12 ਜੂਨ ਤੱਕ ਜ਼ਰੂਰ ਮਿਲ ਜਾਣਾ ਚਾਹੀਦਾ ਹੈ। ਸੁਣਨ ਵਿੱਚ ਦਿੱਕਤ ਵਾਲੇ ਲੋਕਾਂ ਵਾਸਤੇ ਪਤਾ ਲਾਉਣ ਲਈ ਕਿ ਉਹਨਾਂ ਦੇ ਬਦਲੇ ਹੋਏ ਪਤੇ 'ਤੇ ਅੱਗੇ ਦੀ ਕਾਰਵਾਈ ਸ਼ੁਰੂ ਹੋ ਗਈ ਹੈ ਜਾਂ ਨਹੀਂ, ਲਈ **866-VOTE-NYC (866-868-3692)** ਜਾਂ **TTY 212-487-5496** 'ਤੇ ਕਾੱਲ ਕਰੋ।

ਜੇ ਤੁਹਾਡਾ ਪਤਾ ਅਜੇ ਤੱਕ ਅਪਡੇਟ ਨਹੀਂ ਹੋਇਆ, ਤਾਂ ਤੁਸੀਂ ਆਪਣੀ ਵੋਟਾਂ ਪੈਣ ਦੀ ਥਾਂ 'ਤੇ ਇੱਕ ਹਲਫ਼ਨਾਮੇ ਵਾਲੀ ਵੋਟ-ਪਰਚੀ ਲਈ ਬੇਨਤੀ ਕਰਕੇ ਆਪਣੇ ਨਵੇਂ ਪਤੇ ਲਈ ਮਿੱਥੀ ਗਈ ਵੋਟਾਂ ਪੈਣ ਦੀ ਥਾਂ 'ਤੇ ਵੋਟ ਪਾ ਸਕਦੇ ਹੋ।

## ਡਾਕ ਰਾਹੀਂ ਵੋਟ

### ਗੈਰਹਾਜ਼ਰ ਬੈਲਟ ਦੀ ਬੇਨਤੀ ਕਰਨ ਵਾਸਤੇ ਵੈਧ ਕਾਰਣ ਕਿਹੜੇ ਹਨ?

ਜੇ ਤੁਸੀਂ ਚੋਣ-ਦਿਵਸ 'ਤੇ ਨਿਊਯਾਰਕ ਤੋਂ ਬਾਹਰ ਹੋ, ਬਿਮਾਰ ਹੋ ਜਾਂ ਸਰੀਰਕ ਤੌਰ 'ਤੇ ਅਸਮਰੱਥ (ਅਪੰਗ) ਹੋ, ਬਿਮਾਰ ਜਾਂ ਸਰੀਰਕ ਤੌਰ 'ਤੇ ਅਸਮਰੱਥਾ (ਅਪੰਗਤਾ) ਲੋਕਾਂ ਲਈ ਪ੍ਰਾਇਮਰੀ ਕੇਅਰ ਪ੍ਰੋਵਾਈਡਰ ਹੋ ਜਾਂ ਵੈਟਰਨਸ ਹੈਲਥ ਐਡਮਿਨਿਸਟ੍ਰੇਸ਼ਨ ਹਸਪਤਾਲ ਦੇ ਇੱਕ ਵਸਨੀਕ ਜਾਂ ਮਰੀਜ਼ ਹੋ ਜਾਂ ਕਿ ਤੁਸੀਂ ਜੇਲ੍ਹ ਵਿੱਚ ਬੰਦ ਹੋ ਜਾਂ ਮੁਕੱਦਮੇ ਦੀ ਉਡੀਕ ਕਰ ਰਹੇ ਹੋ, ਤਾਂ ਗੈਰਹਾਜ਼ਰ ਬੈਲਟ ਲਈ ਬੇਨਤੀ ਕਰ ਸਕਦੇ ਹੋ। ਤੁਸੀਂ ਆਪਣੀ ਗੈਰਹਾਜ਼ਰ ਬੈਲਟ ਵਾਲੇ ਬੇਨਤੀ ਫ਼ਾਰਮ 'ਤੇ ਆਪਣਾ ਕਾਰਣ ਲਿਖ ਸਕਦੇ ਹੋ।

### ਕੀ ਮੈਂ ਗੈਰਹਾਜ਼ਰ ਬੈਲਟ ਲਈ ਬੇਨਤੀ ਕਰਕੇ ਅਜੇ ਵੀ ਆਪ ਜਾਕੇ ਵੋਟ ਪਾਉਣ ਦੇ ਯੋਗ ਹਾਂ

ਜੇ ਤੁਸੀਂ ਗੈਰਹਾਜ਼ਰ ਬੈਲਟ ਲਈ ਬੇਨਤੀ ਕੀਤੀ ਹੈ, ਤਾਂ ਫਿਰ ਤੁਹਾਨੂੰ ਇਸ ਨਾਲ ਵੋਟ ਪਾਉਣ ਦਾ ਪਲਾਨ ਬਣਾਉਣਾ ਚਾਹੀਦਾ ਹੈ। ਚੋਣ ਸ਼ੁਰੂ ਹੋਣ ਦੇ ਸਮੇਂ, ਤੁਸੀਂ ਵੋਟਿੰਗ ਹੋਣ ਵਾਲੀ ਕਿਸੇ ਵੀ ਥਾਂ 'ਤੇ ਭਰੀ ਹੋਈ ਗੈਰਹਾਜ਼ਰ ਬੈਲਟ ਪਾ ਸਕਦੇ ਹੋ। ਹਾਲਾਂਕਿ, ਜੇ ਤੁਸੀਂ ਗੈਰਹਾਜ਼ਰ ਬੈਲਟ ਦੀ ਬੇਨਤੀ ਕਰਨ ਤੋਂ ਬਾਅਦ ਆਪ ਜਾਕੇ ਵੋਟ ਪਾਉਣ ਦੀ ਚੋਣ ਕਰਦੇ ਹੋ, ਤਾਂ ਤੁਹਾਨੂੰ ਆਪਣੀ ਵੋਟਾਂ ਪੈਣ ਦੀ ਥਾਂ 'ਤੇ ਹਲਫ਼ਨਾਮੇ ਵਾਲੀ ਵੋਟ-ਪਰਚੀ ਨਾਲ ਵੋਟ ਪਾਉਣੀ ਪਏਗੀ। ਇਹ ਵੋਟ-ਪਰਚੀ ਵੱਖਰੀ ਨਜ਼ਰ ਆਏਗੀ। ਜੇ ਤੁਹਾਨੂੰ ਇਸਦੀ ਲੋੜ ਹੈ, ਤਾਂ ਮਦਦ ਲਈ ਪੋਲ ਵਰਕਰ ਨੂੰ ਕਹੋ।

### ਕੀ ਮੈਨੂੰ ਡਾਕ ਟਿਕਟਾਂ ਲਾਉਣ ਦੀ ਲੋੜ ਹੈ, ਜੇ ਮੈਂ ਆਪਣੀ ਵੋਟ-ਪਰਚੀ ਡਾਕ ਰਾਹੀਂ ਭੇਜਦਾ/ਭੇਜਦੀ ਹਾਂ?

ਨਹੀਂ, ਤੁਹਾਨੂੰ ਡਾਕ ਟਿਕਟਾਂ ਨਹੀਂ ਲਾਉਣੀਆਂ ਪੈਣੀਆਂ। ਹਾਲਾਂਕਿ, ਜਿੰਨੀ ਛੇਤੀ ਸੰਭਵ ਹੋਵੇ, ਆਪਣੀ ਵੋਟ-ਪਰਚੀ ਵਾਪਸ ਡਾਕ ਰਾਹੀਂ ਭੇਜਣੀ ਯਕੀਨੀ ਬਣਾਓ। ਇਸ ਨੂੰ ਵੈਧ ਕਰਨ ਲਈ ਚੋਣ-ਦਿਵਸ ਤੱਕ ਪੋਸਟਮਾਰਕ ਜ਼ਰੂਰ ਕੀਤਾ ਜਾਣਾ ਚਾਹੀਦਾ ਹੈ।

### ਕੀ ਮੈਂ ਵੋਟਾਂ ਪੈਣ ਦੀ ਥਾਂ 'ਤੇ ਆਪਣੀ ਗੈਰਹਾਜ਼ਰ ਬੈਲਟ ਪਾ ਸਕਦਾ/ਸਕਦੀ ਹਾਂ?

ਹਾਂ! ਤੁਸੀਂ ਕਿਸੇ ਵੀ NYC ਦੀ ਵੋਟਾਂ ਪੈਣ ਦੀ ਥਾਂ 'ਤੇ ਜਾਂ ਚੋਣ ਬੋਰਡ (Board of Elections) ਦੇ ਦਫ਼ਤਰ ਵਿੱਚ ਆਪਣੀ ਭਰੀ ਹੋਈ ਗੈਰਹਾਜ਼ਰ ਬੈਲਟ ਪਾ ਸਕਦੇ ਹੋ। ਮੂਹਰਲੇ ਡੈਸਕ 'ਤੇ ਵੋਟ-ਪਰਚੀਆਂ ਵਾਲੇ ਡੱਬਾ ਮਿਲਣਗੇ। ਤੁਹਾਨੂੰ ਡਾਕ ਟਿਕਟਾਂ ਨਹੀਂ ਲਾਉਣੀਆਂ ਪੈਣੀਆਂ।

### ਕੀ ਮੈਂ ਆਪਣੀ ਵੋਟ-ਪਰਚੀ ਵਾਪਸ ਕਰਨ ਤੋਂ ਬਾਅਦ ਇਸਦਾ ਟ੍ਰੈਕ ਕਰ ਭੇਜਦਾ/ਭੇਜਦੀ ਹਾਂ?

ਹਾਂ! **nycabsentee.com/tracking** 'ਤੇ ਜਾਓ।

### ਕੀ ਹੁੰਦਾ ਹੈ, ਜੇ ਮੇਰੀ ਗੈਰਹਾਜ਼ਰ ਬੈਲਟ ਨਾਲ ਕੋਈ ਮਸਲਾ ਹੈ? ਕੀ ਮੈਨੂੰ ਇਸ ਨੂੰ ਦਰੁਸਤ ਕਰਨ ਦਾ ਮੌਕਾ ਮਿਲੇਗਾ?

ਜੇ ਤੁਹਾਡੀ ਵੋਟ-ਪਰਚੀ ਦੇ ਲਿਫ਼ਾਫ਼ੇ 'ਤੇ ਦਸਤਖ਼ਤ ਨਾ ਕਰਨ ਜਾਂ ਗ਼ਲਤ ਦਸਤਖ਼ਤ ਕਰਨ ਵਰਗੀ ਕੋਈ ਠੀਕ ਕਰਨ ਵਾਲੀ ਗ਼ਲਤੀ ਹੈ, ਤਾਂ ਤੁਹਾਨੂੰ ਕਾਨੂੰਨ ਦੀ ਲੋੜ ਅਨੁਸਾਰ ਇਸ ਬਾਰੇ ਚੋਣ ਬੋਰਡ (Board of Elections) ਨੂੰ ਦੱਸਣਾ ਪੈਣਾ ਹੈ। ਜੇ ਤੁਹਾਡੀ ਵੋਟ-ਪਰਚੀ 'ਤੇ ਕੋਈ ਠੀਕ ਕਰਨ ਵਾਲੀ ਗ਼ਲਤੀ ਹੈ, ਤਾਂ ਦਫ਼ਤਰ ਇਸ ਗ਼ਲਤੀ ਦਾ ਪਤਾ ਲੱਗਣ ਦੇ 1 ਦਿਨ ਦੇ ਅੰਦਰ ਡਾਕ, ਈਮੇਲ ਜਾਂ ਫੋਨ (ਜੇ ਉਪਲਬਧ ਹੈ) ਰਾਹੀਂ ਤੁਹਾਡੇ ਨਾਲ ਸੰਪਰਕ ਕਰੇਗਾ। ਫਿਰ, ਦਸਤਖ਼ਤਸ਼ੁਦਾ ਪੁਸ਼ਟੀ ਵਾਪਸ ਕਰਕੇ ਉਸ ਗ਼ਲਤੀ ਨੂੰ ਠੀਕ ਕਰਨ ਲਈ ਤੁਹਾਡੇ ਕੋਲ ਦਫ਼ਤਰੀ ਕੰਮਕਾਜ ਦੇ 7 ਦਿਨ ਤੱਕ ਹੋਣਗੇ।

### ਕੀ ਤੁਹਾਡੇ ਹੋਰ ਸੁਆਲ ਹਨ?

**punjabi.nycvotes.org/faqs** 'ਤੇ ਜਾਓ! ਤੁਸੀਂ ਸਾਨੂੰ **nycvotes@nyccfb.info** 'ਤੇ ਈਮੇਲ ਵੀ ਕਰ ਸਕਦੇ ਹੋ ਜਾਂ (**@nycvotes**) 'ਤੇ Instagram, Twitter, Facebook ਜਾਂ TikTok 'ਤੇ ਸਾਨੂੰ ਮੈਸੇਜ ਕਰ ਸਕਦੇ ਹੋ।

## ਤਰਜੀਹੀ ਵੋਟਿੰਗ

### ਤਰਜੀਹੀ ਵੋਟਿੰਗ ਕਿਵੇਂ ਕੰਮ ਕਰਦੀ ਹੈ?

ਸਿਰਫ਼ ਇੱਕ ਉਮੀਦਵਾਰ ਨੂੰ ਚੁਣਨ ਦੀ ਥਾਂ, ਤਰਜੀਹੀ ਤਰਤੀਬ ਵਿੱਚ ਤੁਸੀਂ ਪੰਜ ਉਮੀਦਵਾਰਾਂ ਤੱਕ ਨੂੰ ਰੈਂਕ ਦੇ ਸਕਦੇ ਹੋ। ਜੇ ਉਮੀਦਵਾਰ ਨੂੰ ਪਹਿਲੀ-ਪਸੰਦ ਦੀਆਂ ਵੋਟਾਂ ਦਾ 50% ਤੋਂ ਵੱਧ ਮਿਲਦਾ ਹੈ, ਤਾਂ ਉਹ ਜੇਤੂ ਹੁੰਦੇ ਹਨ। ਜੇ ਉਮੀਦਵਾਰ ਨੂੰ ਪਹਿਲੀ-ਪਸੰਦ ਦੀਆਂ ਵੋਟਾਂ ਦਾ 50% ਤੋਂ ਵੱਧ ਨਹੀਂ ਮਿਲਦਾ, ਤਾਂ ਫਿਰ ਗਿਣਤੀ ਗੇੜਾਂ ਵਿੱਚ ਚੱਲਦੀ ਰਹੇਗੀ। ਹਰ ਗੇੜ ਦੇ ਅਖ਼ੀਰ 'ਤੇ, ਸਭ ਤੋਂ ਘੱਟ ਵੋਟਾਂ ਵਾਲਾ ਉਮੀਦਵਾਰ ਬਾਹਰ ਹੋ ਜਾਏਗਾ। ਜੇ ਤੁਸੀਂ ਉਸ ਉਮੀਦਵਾਰ ਨੂੰ ਪਹਿਲਾ ਰੈਂਕ ਦਿੰਦੇ ਹੋ, ਤਾਂ, ਤੁਹਾਡੀ ਵੋਟ-ਪਰਚੀ 'ਤੇ ਅਗਲੇ ਰੈਂਕ ਵਾਲੇ ਉਮੀਦਵਾਰ ਨੂੰ ਮਿਲ ਜਾਏਗੀ। ਇਹ ਅਮਲ ਦੋ ਉਮੀਦਵਾਰ ਬਚਣ ਤੱਕ ਜਾਰੀ ਰਹੇਗਾ। ਸਭ ਤੋਂ ਵੱਧ ਵੋਟਾਂ ਵਾਲਾ ਉਮੀਦਵਾਰ ਜੇਤੂ ਹੁੰਦਾ ਹੈ।

### ਕੀ ਮੈਂ ਅਜੇ ਵੀ ਸਿਰਫ਼ ਇੱਕ ਉਮੀਦਵਾਰ ਨੂੰ ਵੋਟ ਪਾ ਸਕਦਾ/ਸਕਦੀ ਹਾਂ?

ਹਾਂ। ਜੇ ਤੁਸੀਂ ਚਾਹੋ, ਤਾਂ ਤੁਸੀਂ ਅਜੇ ਵੀ ਸਿਰਫ਼ ਆਪਣੀ ਪਹਿਲੀ-ਪਸੰਦ ਵਾਲੇ ਉਮੀਦਵਾਰ ਨੂੰ ਵੋਟ ਪਾ ਸਕਦੇ ਹੋ। ਹਾਲਾਂਕਿ, ਹੋਰਨਾਂ ਉਮੀਦਵਾਰਾਂ ਨੂੰ ਦਿੱਤੀ ਗਈ ਰੈਂਕਿੰਗ ਤੁਹਾਡੀ ਪਹਿਲੀ ਪਸੰਦ ਨੂੰ ਨੁਕਸਾਨ ਨਹੀਂ ਪਹੁੰਚਾਉਂਦੀ। ਜੇ ਸਿਰਫ਼ ਤੁਹਾਡੀ ਪਸੰਦ ਦਾ ਉਮੀਦਵਾਰ ਬਾਹਰ ਹੋ ਜਾਂਦਾ ਹੈ, ਤਾਂ ਤੁਹਾਡੀ ਵੋਟ ਦਾ ਚੋਣ-ਨਤੀਜੇ 'ਤੇ ਕੋਈ ਅਸਰ ਨਹੀਂ ਪਏਗਾ।

### ਕੀ ਮੈਂ ਕੁੱਲ 5 ਉਮੀਦਵਾਰਾਂ ਨੂੰ ਰੈਂਕ ਦੇਣਾ ਹੈ?

ਨਹੀਂ। ਤੁਸੀਂ ਪੰਜ ਉਮੀਦਵਾਰਾਂ ਤੱਕ ਨੂੰ ਰੈਂਕ ਦੇ ਸਕਦੇ ਹੋ, ਪਰ ਤੁਹਾਨੂੰ ਕੁੱਲ ਪੰਜ ਰੈਂਕ ਦੇਣ ਦੀ ਲੋੜ ਨਹੀਂ ਹੈ।

### ਕੀ ਮੈਂ ਆਪਣੇ ਪਸੰਦੀਦਾ ਉਮੀਦਵਾਰ ਨੂੰ ਇੱਕ ਨਾਲੋਂ ਵੱਧ ਵਾਰੀ ਰੈਂਕ ਦੇ ਸਕਦਾ/ਸਕਦੀ ਹਾਂ?

ਨਹੀਂ। ਉਦਾਹਰਣ ਲਈ, ਜੇ ਤੁਸੀਂ ਆਪਣੇ ਤਰਜੀਹੀ ਉਮੀਦਵਾਰ ਨੂੰ ਇੱਕ ਤੋਂ ਵੱਧ ਵਾਰੀ ਰੈਂਕ ਦਿੰਦੇ ਹੋ, ਤਾਂ ਤੁਹਾਡੀ 1ਲੀ, 2ਜੀ, 3 ਜੀ, 4ਥੀ ਅਤੇ 5ਵੀਂ ਰੈਂਕਿੰਗ ਵਿੱਚੋਂ ਸਿਰਫ਼ ਪਹਿਲੀ ਗਿਣੀ ਜਾਏਗੀ। ਇੱਕੋ ਉਮੀਦਵਾਰ ਨੂੰ ਕਈ ਰੈਂਕਿੰਗ ਦੇਣ ਦਾ ਕੋਈ ਸਿਆਸੀ ਫ਼ਾਇਦਾ ਨਹੀਂ ਹੁੰਦਾ।

### ਕੀ ਮੈਂ ਆਪਣੀ ਪਹਿਲੀ ਪਸੰਦ ਵਜੋਂ ਕਈ ਉਮੀਦਵਾਰਾਂ ਨੂੰ ਰੈਂਕ ਦੇ ਸਕਦਾ/ਸਕਦੀ ਹਾਂ?

ਨਹੀਂ। ਤੁਸੀਂ ਹਰ ਇੱਕ ਰੈਂਕਿੰਗ ਲਈ ਸਿਰਫ਼ ਇੱਕ ਉਮੀਦਵਾਰ ਚੁਣ ਸਕਦੇ ਹੋ। ਜੇ ਤੁਸੀਂ ਆਪਣੀ ਪਹਿਲੀ ਪਸੰਦ ਵਜੋਂ ਇੱਕ ਤੋਂ ਵੱਧ ਉਮੀਦਵਾਰ ਚੁਣਦੇ ਹੋ, ਤਾਂ ਤੁਹਾਡੀ ਵੋਟ-ਪਰਚੀ ਵੈਧ ਨਹੀਂ ਹੋਏਗੀ।

### ਜੇ ਮੈਂ ਪੰਜ ਉਮੀਦਵਾਰਾਂ ਨੂੰ ਰੈਂਕ ਦਿੰਦਾ/ਦਿੰਦੀ ਹਾਂ, ਤਾਂ ਕੀ ਮੇਰੀਆਂ ਪੰਜ ਵੋਟਾਂ ਗਿਣੀਆਂ ਜਾਂਦੀਆਂ ਹਨ?

ਨਹੀਂ। ਤੁਹਾਡੀ ਸਿਰਫ਼ ਇੱਕ ਵੋਟ ਗਿਣੀ ਜਾਏਗੀ। ਤੁਹਾਡੀ ਵੋਟ ਸਿਰਫ਼ ਤੁਹਾਡੇ ਸਭ ਤੋਂ ਉੱਚੀ ਰੈਂਕ ਵਾਲੇ ਉਮੀਦਵਾਰ ਲਈ ਗਿਣੀ ਜਾਏਗੀ, ਜੋ ਕਿ ਬਾਹਰ ਨਹੀਂ ਹੋਇਆ। ਜੇ ਤੁਹਾਡੀ ਮੁੱਖ ਚੋਣ ਵਾਲਾ ਉਮੀਦਵਾਰ ਬਾਹਰ ਹੋ ਜਾਂਦਾ ਹੈ, ਤਾਂ ਫਿਰ ਤੁਹਾਡੀ ਵੋਟ ਤੁਹਾਡੇ ਅਗਲੇ ਸਭ ਤੋਂ ਉੱਚੀ ਰੈਂਕ ਵਾਲੇ ਉਮੀਦਵਾਰ ਲਈ ਗਿਣੀ ਜਾਏਗੀ।

### ਮੈਂ ਤਰਜੀਹੀ ਵੋਟਿੰਗ ਦੀਆਂ ਚੋਣਾਂ ਦੇ ਨਤੀਜਿਆਂ ਦੀ ਕਦੋਂ ਤੱਕ ਉਮੀਦ ਕਰ ਸਕਦਾ/ਸਕਦੀ ਹਾਂ?

ਇਸ ਗੱਲ ਦੀ ਸੰਭਾਵਨਾ ਹੈ ਕਿ ਤਰਜੀਹੀ ਵੋਟਿੰਗ ਦੇ ਅੰਤਮ ਨਤੀਜੇ, ਸਾਰੀਆਂ ਗੈਰਹਾਜ਼ਰ ਅਤੇ ਫ਼ੌਜੀ ਵੋਟ-ਪਰਚੀਆਂ ਦੀ ਗਿਣਤੀ ਕੀਤੇ ਜਾਣ ਤੱਕ ਜਾਰੀ ਨਹੀਂ ਕੀਤੇ ਜਾਣਗੇ, ਇਸ ਅਮਲ ਲਈ ਚੋਣ-ਦਿਵਸ ਤੋਂ ਬਾਅਦ ਕਈ ਹਫ਼ਤੇ ਲੱਗ ਸਕਦੇ ਹਨ।

### ਮੈਂ ਤਰਜੀਹੀ ਵੋਟਿੰਗ ਵਾਲੇ ਉਮੀਦਵਾਰ ਨੂੰ ਲਿਖਕੇ ਵੋਟ ਕਿਵੇਂ ਪਾਵਾਂ?

ਉਸ ਉਮੀਦਵਾਰ, ਜਿਸਦਾ ਨਾਂ ਵੋਟ-ਪਰਚੀ 'ਤੇ ਨਹੀਂ ਹੈ, ਨੂੰ ਵੋਟ ਪਾਉਣ ਲਈ "Write-in" (ਇੱਥੇ ਲਿਖੋ) ਵਿੱਚ ਉਹਨਾਂ ਦਾ ਨਾਂ ਲਿਖੋ ਅਤੇ ਆਪਣੀ ਰਾਈਟ-ਇਨ ਪਸੰਦ ਲਈ ਅੰਡਾਕਾਰ ਥਾਂ ਭਰੋ।

### ਜੇ ਮੈਂ ਆਪਣੀ ਵੋਟ-ਪਰਚੀ 'ਤੇ ਕੋਈ ਗ਼ਲਤੀ ਕਰਦਾ/ਕਰਦੀ ਹਾਂ, ਤਾਂ ਕੀ ਵੋਟਿੰਗ ਮਸ਼ੀਨ ਮੈਨੂੰ ਦੱਸੇਗੀ?

ਜੇ ਤੁਸੀਂ ਆਪ ਜਾਕੇ ਵੋਟ ਪਾਉਂਦੇ ਹੋ, ਤਾਂ ਇਸਨੂੰ ਸਕੈਨ ਕਰਨ ਵੇਲੇ ਵੋਟਿੰਗ ਮਸ਼ੀਨ ਤੁਹਾਨੂੰ ਦੱਸੇਗੀ ਕਿ ਤੁਸੀਂ ਕਈ ਉਮੀਦਵਾਰਾਂ ਨੂੰ ਇੱਕੋ ਜਿਹੀ ਰੈਂਕਿੰਗ ਦਿੱਤੀ ਹੈ। ਜੇ ਤੁਹਾਡੇ ਤੋਂ ਕੋਈ ਗ਼ਲਤੀ ਹੋ ਗਈ ਹੈ, ਤਾਂ ਤੁਸੀਂ ਪੋਲ ਵਰਕਰ ਨੂੰ ਨਵੀਂ ਵੋਟ-ਪਰਚੀ ਦੇਣ ਲਈ ਕਹਿ ਸਕਦੇ ਹੋ। ਜੇ ਤੁਸੀਂ ਰੈਂਕਿੰਗ ਛੱਡ ਦਿੰਦੇ ਹੋ ਜਾਂ ਇੱਕ ਹੀ ਉਮੀਦਵਾਰ ਨੂੰ ਕਈ ਵਾਰੀ ਵੋਟ ਦਿੰਦੇ ਹੋ, ਤਾਂ ਵੋਟਿੰਗ ਮਸ਼ੀਨ ਤੁਹਾਨੂੰ ਇਸ ਬਾਰੇ ਨਹੀਂ ਦੱਸੇਗੀ, ਕਿਉਂਕਿ ਉਹਨਾਂ ਸਥਿਤੀਆਂ ਵਿੱਚ ਅਜੇ ਵੀ ਤੁਹਾਡੀ ਮੁੱਖ-ਪਸੰਦ ਵਾਲੀ ਵੋਟ ਹੀ ਗਿਣੀ ਜਾਏਗੀ।

## ਚੋਣ ਬੋਰਡ (Board of Elections) ਨਾਲ ਆਪਣੀ ਜਾਣਕਾਰੀ ਅਪਡੇਟ ਕਰੋ

ਸਾਨੂੰ ਤੁਹਾਡਾ ਨਾਂ ਅਤੇ ਪਤਾ ਨਿਊਯਾਰਕ ਸ਼ਹਿਰ ਚੋਣ ਬੋਰਡ (Board of Elections) ਵਲੋਂ ਪ੍ਰਬੰਧ ਕੀਤੀ ਗਈ ਰਜਿਸਟਰਡ ਵੋਟਰਾਂ ਦੀ ਸੂਚੀ ਤੋਂ ਮਿਲ ਗਿਆ ਹੈ।

ਜੇ ਤੁਹਾਨੂੰ ਮੇਲ ਰਾਹੀਂ ਵੋਟ ਮਿਲਦੀ ਹੈ, ਪਰ ਤੁਸੀਂ ਉਸ ਪਤੇ 'ਤੇ ਨਹੀਂ ਰਹਿੰਦੇ ਜਾਂ ਪਿਛਲਾ ਵਸਨੀਕ ਚਲਾ ਗਿਆ ਹੈ ਜਾਂ ਉਸਦੀ ਮੌਤ ਹੋ ਗਈ ਹੈ, ਤਾਂ ਚੋਣ ਬੋਰਡ (Board of Elections) ਨੂੰ ਦੱਸੋ, ਤਾਂਜੋ ਉਹ ਆਪਣੇ ਰਿਕੌਰਡ ਦਰੁਸਤ ਕਰ ਸਕਣ।

## ਵੋਟਰ ਗਾਈਡ ਬਾਰੇ

NYC VOTES

ਕਾਨੂੰਨ ਅਨੁਸਾਰ, NYC Votes ਨੂੰ ਸ਼ਹਿਰੀ ਚੋਣਾਂ ਲਈ ਨਿਊਯਾਰਕ ਸਿਟੀ ਵਿਚਲੇ ਰਜਿਸਟਰਡ ਵੋਟਰ ਵਾਲੇ ਹਰ ਇੱਕ ਘਰ ਵਿੱਚ ਵੋਟਰ ਗਾਈਡ ਭੇਜਣੀ ਪੈਣੀ ਹੈ। ਅਸੀਂ ਹਰ ਰਜਿਸਟਰਡ ਵੋਟਰ ਲਈ ਇਹ ਗਾਈਡ ਅੰਗ੍ਰੇਜ਼ੀ ਅਤੇ ਸਪੈਨਿਸ਼ ਅਤੇ ਮਰਦਮਸ਼ੁਮਾਰੀ ਦੇ ਅੰਕੜਿਆਂ ਦੇ ਅਧਾਰ 'ਤੇ ਮਿੱਥੇ ਹੋਏ ਇਲਾਕਿਆਂ ਵਿਚਲੇ ਵੋਟਰਾਂ ਨੂੰ ਅਰਬੀ, ਬੰਗਾਲੀ, ਚੀਨੀ, ਫ਼੍ਰੈਂਚ, ਹੈਤੀਅਨ ਕ੍ਰਿਓਲ, ਹਿੰਦੀ, ਕੋਰੀਅਨ, ਪੌਲਿਸ਼, ਪੰਜਾਬੀ, ਰੂਸੀ ਅਤੇ ਉਰਦੂ ਵਿੱਚ ਭੇਜਦੇ ਹਾਂ।

**ਆਪਣੀ ਵੋਟ-ਪਰਚੀ 'ਤੇ ਉਮੀਦਵਾਰਾਂ ਬਾਰੇ ਜਾਣਨ ਲਈ punjabi.nycvotes.org/candidates 'ਤੇ ਜਾਓ।**

ਨਿਊਯਾਰਕ ਸ਼ਹਿਰ 2023 ਪ੍ਰਮੁੱਖ ਚੋਣਾਂ ਬਾਰੇ ਵੋਟਰ ਗਾਈਡ। ਕੌਪੀਰਾਈਟ © 2023 ਨਿਊਯਾਰਕ ਸ਼ਹਿਰ ਦਾ ਚੋਣ-ਪ੍ਰਚਾਰ ਫਾਇਨਾਂਸ ਬੋਰਡ ਨਿਊਯਾਰਕ ਸਾਰੇ ਹੱਕ ਰਾਖਵੇਂ ਹਨ। ਬੈੱਲਵੈਦਰ ਏਜੰਸੀ ਵਲੋਂ ਡਿਜ਼ਾਈਨ। ਅਮਰੀਕਾ ਵਿੱਚ ਤਿਆਰ ਕੀਤੀ ਗਈ ਹੈ

## ਚੋਣ ਬੋਰਡ (Board of Elections) ਨਾਲ ਸੰਪਰਕ ਕਰੋ

ਚੋਣ ਬੋਰਡ (Board of Elections) ਸਾਡੀਆਂ ਚੋਣਾਂ ਦਾ ਪ੍ਰਬੰਧ ਕਰਦਾ ਹੈ ਅਤੇ ਰਜਿਸਟਰਡ ਵੋਟਰਾਂ ਦੇ ਡਾਟਾਬੇਸ ਦੀ ਸਾਂਭ-ਸੰਭਾਲ, ਵੋਟਾਂ ਪੈਣ ਵਾਲੀਆਂ ਥਾਵਾਂ ਦੀ ਨਿਗਰਾਨੀ, ਵੋਟ-ਪਰਚੀਆਂ ਦੀ ਗਿਣਤੀ ਅਤੇ ਚੋਣ ਨਤੀਜਿਆਂ ਦੀ ਰਿਪੋਰਟ ਕਰਨ ਲਈ ਜ਼ਿੰਮੇਵਾਰ ਹੈ। ਤੁਸੀਂ ਚੋਣ ਬੋਰਡ (Board of Elections) ਕੋਲ ਆਪਣੀ ਵੋਟਰ ਰਜਿਸਟ੍ਰੇਸ਼ਨ ਅਪਡੇਟ ਕਰ ਸਕਦੇ ਹੋ, ਗੈਰਹਾਜ਼ਰ ਬੈਲਟ ਲਈ ਅਪਲਾਈ ਕਰ ਸਕਦੇ ਹੋ, ਪੋਲ ਵਰਕਰ ਜਾਂ ਭਾਸ਼ਾ ਬਾਰੇ ਦੁਭਾਸ਼ੀਆ ਲਈ ਅਪਲਾਈ ਅਤੇ ਹੋਰ ਬਹੁਤ ਕੁਝ ਕਰ ਸਕਦੇ ਹੋ।

### ਕੰਮ-ਕਾਜ ਦਾ ਆਮ ਸਮਾਂ

ਸਵੇਰੇ 9:00 ਵਜੇ ਤੋਂ ਸ਼ਾਮੀਂ 5:00 ਵਜੇ ਤੱਕ ਸੋਮਵਾਰ ਤੋਂ ਸ਼ੁੱਕਰਵਾਰ ਅਤੇ ਚੋਣ-ਦਿਵਸ 'ਤੇ ਅਤੇ ਉਸਤੋਂ ਪਹਿਲਾਂ ਪੈਣ ਵਾਲੇ ਵੀਕਐਂਡ ਦੌਰਾਨ। ਕੰਮ-ਕਾਜ ਦੇ ਸਮਿਆਂ ਲਈ **vote.nyc** 'ਤੇ ਪਤਾ ਲਾਓ।

ਸੁਣਨ ਵਿੱਚ ਦਿੱਕਤ ਵਾਲਿਆਂ ਲਈ
866-VOTE-NYC
(TTY 212-487-5496)

**ਹੋਰ ਜਾਣਨ ਲਈ vote.nyc 'ਤੇ ਜਾਓ**

| | ਪਤਾ | ਫੋਨ ਨੰਬਰ |
|---|---|---|
| ਆਮ ਦਫ਼ਤਰ | 32-42 Broadway, 7th Floor<br>New York, NY 10004 | 212-487-5400 |
| ਬ੍ਰੌਂਕਸ | 1780 Grand Concourse, 5th Floor<br>Bronx, NY 10457 | |
| ਬਰੁਕਲਿਨ | 345 Adams Street, 4th Floor<br>Brooklyn, NY 11201 | |
| ਮੈਨਹੱਟਨ | 200 Varick Street, 10th Floor<br>New York, NY 10014 | |
| ਕੁਈਨਸ | 118-35 Queens Boulevard, 11th Floor<br>Forest Hills, NY 11375 | |
| ਸਟੇਟਨ ਆਈਲੈਂਡ | 1 Edgewater Plaza, 4th Floor<br>Staten Island, NY 10305 | |